# ਐਕਸੈਸਿਬਲਬੀਸੀ:

# ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ

# ਪਹੁੰਚਯੋਗਤਾ ਯੋਜਨਾ

# 2022/23-2024/25

ਸਮੱਗਰੀ

ਪ੍ਰੀਮੀਅਰ ਵਲੋਂ ਸੁਨੇਹਾ

ਮੰਤਰੀ ਵਲੋਂ ਸੁਨੇਹਾ

ਪ੍ਰੋਵਿੰਸ਼ੀਅਲ ਐਕਸੈਸਬਿਲਟੀ ਕਮੇਟੀ (Provincial Accessibility Committee) ਦੇ ਕੋ-ਚੇਅਰਾਂ ਵੱਲੋਂ ਸੁਨੇਹਾ

ਲਾਗੂ ਕਰਨ ਦੀ ਸਲਾਨਾ ਰਿਪੋਰਟ

ਬੀਸੀ ਸਰਕਾਰ ਦੀ ਪਹੁੰਚਯੋਗਤਾ ਯੋਜਨਾ ਨਾਲ ਜਾਣ-ਪਛਾਣ

ਅੱਜ ਤੱਕ ਦੀਆਂ ਕਾਰਵਾਈਆਂ

ਅੱਗੇ ਵਧਦੇ ਹੋਏ: 2022/25 ਲਈ ਸਾਡੀਆਂ ਪ੍ਰਾਥਮਿਕਤਾਵਾਂ

ਸਿੱਟਾ

ਅੰਤਿਕਾ 1: ਪ੍ਰਾਥਮਿਕਤਾਵਾਂ ਦਾ ਸਾਰ

ਅੰਤਿਕਾ 2: ਲਾਗੂ ਕਰਨ ਦੀ ਟਾਈਮਲਾਈਨ

# ਪ੍ਰੀਮੀਅਰ ਵਲੋਂ ਸੁਨੇਹਾ

ਸਾਡੀ ਸਰਕਾਰ ਵਧੇਰੇ ਪਹੁੰਚਯੋਗ ਅਤੇ ਸੰਮਲਿਤ ਬ੍ਰਿਟਿਸ਼ ਕੋਲੰਬੀਆ ਬਣਾਉਣ ਲਈ ਕਾਰਵਾਈ ਕਰ ਰਹੀ ਹੈ। ਹੋਰ ਭੌਤਿਕ, ਵਰਚੁਅਲ, ਅਤੇ ਰਵੱਈਏ ਸੰਬੰਧੀ ਰੁਕਾਵਟਾਂ ਨੂੰ ਦੂਰ ਕਰਨ ਦੀ ਲੋੜ ਹੈ। ਸਾਡਾ ਸੂਬਾ ਉਦੋਂ ਬਿਹਤਰ ਹੁੰਦਾ ਹੈ ਜਦੋਂ ਹਰ ਕੋਈ, ਯੋਗਤਾ ਦੀ ਪਰਵਾਹ ਕੀਤੇ ਬਿਨਾਂ, ਪੂਰੀ ਤਰ੍ਹਾਂ ਹਿੱਸਾ ਲੈਣ ਦੇ ਯੋਗ ਹੁੰਦਾ ਹੈ।

*ਐਕਸੈਸਿਬਲਬੀਸੀ* ਸਾਡੀ ਸਰਕਾਰ ਦੀ ਅਜਿਹੇ ਵਿਵਿਧ ਸੂਬੇ ਲਈ ਲੰਬੇ ਸਮੇਂ ਤੋਂ ਚੱਲੀ ਆ ਰਹੀ ਵਚਨਬੱਧਤਾ 'ਤੇ ਅਗੇ ਕੰਮ ਕਰਦਾ ਹੈ ਜੋ ਹਰੇਕ ਲਈ ਕੰਮ ਕਰਦਾ ਹੈ। ਇਹ ਮੌਜੂਦਾ ਸਰਕਾਰੀ ਪ੍ਰਾਥਮਿਕਤਾਵਾਂ, ਜਿਵੇਂ ਕਿ ਸਟ੍ਰੌਂਗਰਬੀਸੀ, ਸਰਕਾਰ ਦੀ ਆਰਥਿਕ ਯੋਜਨਾ, ਵਿੱਚ ਸਮਾਵੇਸ਼ੀ ਆਰਥਿਕ ਵਿਕਾਸ ਲਈ ਵਚਨਬੱਧਤਾ ਦਾ ਪੂਰਕ ਹੈ।

*ਐਕਸੈਸਿਬਲਬੀਸੀ* ਸਾਡੇ ਸੂਬੇ ਦੇ ਪਹਿਲੇ ਪਹੁੰਚਯੋਗਤਾ ਐਕਟ ਨੂੰ ਲਾਗੂ ਕਰਨ ਲਈ ਸਾਡੇ ਚੱਲ ਰਹੇ ਕੰਮ ਵਿੱਚ ਇੱਕ ਮਹੱਤਵਪੂਰਨ ਤਰੱਕੀ ਹੈ। ਅਸੀਂ ਜਾਣਦੇ ਹਾਂ ਕਿ ਅਜੇ ਵੀ ਬਹੁਤ ਕੁਝ ਕਰਨਾ ਬਾਕੀ ਹੈ। ਇਸ ਯੋਜਨਾ ਵਿੱਚ ਪ੍ਰਸਤਾਵਿਤ ਕਾਰਵਾਈਆਂ ਸਾਨੂੰ ਇੱਕ ਸ਼ੁਰੂਆਤੀ ਬਿੰਦੂ ਦਿੰਦੀਆਂ ਹਨ। ਅਸੀਂ ਇਹਨਾਂ ਪ੍ਰਾਥਮਿਕਤਾਵਾਂ ਨੂੰ ਅਨੁਕੂਲ ਬਣਾਵਾਂਗੇ ਜਿਵੇਂ ਅਸੀਂ ਲੋਕਾਂ ਤੋਂ ਸੁਣਦੇ ਹਾਂ। "**ਸਾਡੇ ਤੋਂ ਬਿਨਾਂ ਸਾਡੇ ਬਾਰੇ ਕੁਝ ਨਹੀਂ,**" ਦੀ ਭਾਵਨਾ ਵਿੱਚ ਅਸੀਂ ਇਹ ਯਕੀਨੀ ਬਣਾਉਣ ਲਈ ਕਿ ਲੋਕਾਂ ਦਾ ਜੀਵਿਤ ਅਨੁਭਵ ਸਾਡੇ ਕੰਮ ਦੇ ਕੇਂਦਰ ਵਿੱਚ ਹੈ, ਅਪੰਗਤਾਵਾਂ ਵਾਲੇ ਲੋਕਾਂ ਅਤੇ ਵਿਆਪਕ ਭਾਈਚਾਰੇ ਨਾਲ ਕੰਮ ਕਰਨਾ ਜਾਰੀ ਰੱਖਾਂਗੇ।

ਜੌਨ ਹੌਰਗਨ
ਬ੍ਰਿਟਿਸ਼ ਕੋਲੰਬੀਆ ਦਾ ਪ੍ਰੀਮੀਅਰ

# ਮੰਤਰੀ ਵਲੋਂ ਸੁਨੇਹਾ

ਐਕਸੈਸਿਬਲ ਬੀ.ਸੀ. ਐਕਟ ਉਹ ਪਹਿਲਾ ਬਿੱਲ ਸੀ ਜੋ ਮੈਂ ਮੰਤਰੀ ਵਜੋਂ ਮੇਰੀ ਨਿਯੁਕਤੀ ਤੋਂ ਬਾਅਦ ਵਿਧਾਨ ਸਭਾ ਵਿੱਚ ਪੇਸ਼ ਕੀਤਾ ਸੀ। ਇਸ ਮਹੱਤਵਪੂਰਨ ਬਿੱਲ ਨੂੰ 17 ਜੂਨ, 2021 ਤੋਂ ਲਾਗੂ ਹੁੰਦਾ ਦੇਖ ਕੇ ਮੈਂ ਬਹੁਤ ਖੁਸ਼ ਹੋਇਆ। ਨਵਾਂ ਕਾਨੂੰਨ, ਕਾਨੂੰਨੀ ਢਾਂਚਾ ਪ੍ਰਦਾਨ ਕਰਦਾ ਹੈ ਜਿਸ ਦੁਆਰਾ ਸਰਕਾਰ, ਅਪੰਗਤਾਵਾਂ ਵਾਲੇ ਲੋਕਾਂ ਅਤੇ ਵਿਆਪਕ ਭਾਈਚਾਰੇ ਦੇ ਨਾਲ ਭਾਈਵਾਲੀ ਵਿੱਚ, ਬੀ.ਸੀ. ਵਿੱਚ ਅਪੰਗਤਾਵਾਂ ਵਾਲੇ ਲੋਕਾਂ ਦੀ ਪੂਰੀ ਅਤੇ ਬਰਾਬਰ ਭਾਗੀਦਾਰੀ ਵਿੱਚ ਰੁਕਾਵਟਾਂ ਦੀ ਪਛਾਣ ਕਰਨ, ਹਟਾਉਣ ਅਤੇ ਰੋਕਣ ਲਈ ਕੰਮ ਕਰਨਾ ਜਾਰੀ ਰੱਖੇਗੀ।

ਅਸੀਂ ਜਾਣਦੇ ਹਾਂ ਕਿ ਇਸ ਨਵੇਂ ਐਕਟ ਦੇ ਟੀਚੇ ਤਾਂ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ ਜੇਕਰ ਸਰਕਾਰ ਅਤੇ ਭਾਈਚਾਰਾ ਇੱਕ ਵਧੇਰੇ ਪਹੁੰਚਯੋਗ ਅਤੇ ਸੰਮਲਿਤ ਭਵਿੱਖ ਨੂੰ ਪ੍ਰਾਪਤ ਕਰਨ ਲਈ ਮਿਲ ਕੇ ਕੰਮ ਕਰਨਾ ਜਾਰੀ ਰੱਖਦੇ ਹਨ। ਇਸ ਲਈ ਮੈਨੂੰ 2022-2025 ਲਈ ਸਰਕਾਰ ਦੀ ਪਹੁੰਚਯੋਗਤਾ ਯੋਜਨਾ, ਐਕਸੈਸਿਬਲਬੀਸੀ (AccessibleBC) ਪੇਸ਼ ਕਰਨ ਵਿੱਚ ਖੁਸ਼ੀ ਹੋ ਰਹੀ ਹੈ। ਸਰਕਾਰ ਦੀ ਨਵੀਂ ਪ੍ਰੋਵਿੰਸ਼ੀਅਲ ਐਕਸੈਸਬਿਲਟੀ ਕਮੇਟੀ ਦੀ ਸਥਾਪਨਾ ਕਰਨ ਦੇ ਸਾਡੇ ਕੰਮ ਦੇ ਨਾਲ, ਅਤੇ ਲੋਕਾਂ ਨੂੰ ਪਹੁੰਚਯੋਗਤਾ ਬਾਰੇ ਸਰਕਾਰ ਨੂੰ ਫੀਡਬੈਕ ਪ੍ਰਦਾਨ ਕਰਨ ਲਈ ਚੈਨਲਾਂ ਨੂੰ ਬਿਹਤਰ ਬਣਾਉਣ ਲਈ ਸਾਡੇ ਚੱਲ ਰਹੇ ਕੰਮ ਦੇ ਨਾਲ, ਇਹ ਯੋਜਨਾ ਇਹ ਦੱਸਦੀ ਹੈ ਕਿ ਕਿਵੇਂ ਸਰਕਾਰੀ ਮੰਤਰਾਲੇ ਆਪਣੇ ਕੰਮ ਵਿੱਚ ਪਹੁੰਚਯੋਗਤਾ ਲਈ ਵਚਨਬੱਧਤਾ ਨੂੰ ਜਾਰੀ ਰੱਖਣ ਦੀ ਕੋਸ਼ਿਸ਼ ਕਰਨਗੇ। ਐਕਸੈਸਿਬਲਬੀਸੀ ਇੱਕ ਕਦਮ ਅੱਗੇ ਹੈ, ਪਰ ਅਸੀਂ ਜਾਣਦੇ ਹਾਂ ਕਿ ਅਜੇ ਵੀ ਬਹੁਤ ਕੁਝ ਕਰਨਾ ਬਾਕੀ ਹੈ। ਹਾਲਾਂਕਿ ਇਹ ਯੋਜਨਾ ਪਹੁੰਚਯੋਗਤਾ ਨੂੰ ਅੱਗੇ ਵਧਾਉਣ ਲਈ ਉੱਚ-ਪੱਧਰੀ ਪ੍ਰਾਥਮਿਕਤਾਵਾਂ ਨਿਰਧਾਰਤ ਕਰਦੀ ਹੈ, ਇਹ ਮਹੱਤਵਪੂਰਨ ਹੋਵੇਗਾ ਕਿ ਅਸੀਂ ਆਪਣੇ ਕੰਮ ਨੂੰ ਆਕਾਰ ਦੇਣ ਅਤੇ ਮਾਰਗਦਰਸ਼ਨ ਕਰਨ ਲਈ ਅਪੰਗਤਾਵਾਂ ਵਾਲੇ ਲੋਕਾਂ ਦੀਆਂ ਆਵਾਜ਼ਾਂ ਨੂੰ ਸੁਣਨਾ ਜਾਰੀ ਰੱਖੀਏ।

ਹਾਲਾਂਕਿ ਇਹ ਮਹੱਤਵਪੂਰਨ ਹੈ ਕਿ ਸਰਕਾਰ ਰਾਹ ਦੀ ਅਗਵਾਈ ਕਰੇ, ਅਸੀਂ ਇਹ ਵੀ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਬੀ.ਸੀ. ਨੂੰ ਇੱਕ ਵਧੇਰੇ ਸਮਾਵੇਸ਼ੀ ਅਤੇ ਪਹੁੰਚਯੋਗ ਸੂਬਾ ਬਣਾਉਣ ਦਾ ਸਾਡਾ ਸਾਂਝਾ ਕੰਮ, ਕੋਰ ਸਰਕਾਰ ਦੇ ਕੰਮ ਤੋਂ ਵੀ ਅਗੇ ਵਿਸਤ੍ਰਿਤ ਹੈੈ। ਇਸ ਲਈ 1 ਸਤੰਬਰ ਤੋਂ ਪ੍ਰਭਾਵੀ, ਸੈਂਕੜੇ ਹੋਰ ਜਨਤਕ ਖੇਤਰ ਦੀਆਂ ਸੰਸਥਾਵਾਂ ਨੂੰ ਪਹੁੰਚਯੋਗਤਾ ਕਮੇਟੀਆਂ, ਪਹੁੰਚਯੋਗਤਾ ਯੋਜਨਾਵਾਂ ਅਤੇ ਇੱਕ ਪਹੁੰਚਯੋਗਤਾ ਫੀਡਬੈਕ ਟੂਲ ਸਥਾਪਤ ਕਰਨ ਦੀ ਲੋੜ ਹੋਵੇਗੀ। ਸਥਾਨਕ ਸਰਕਾਰਾਂ ਤੋਂ ਲੈ ਕੇ ਵਿਦਿਅਕ ਸੰਸਥਾਵਾਂ ਤੱਕ, ਪੁਲਿਸ ਬਲਾਂ ਤੋਂ ਲੈ ਕੇ ਸਿਹਤ ਅਥਾਰਟੀਆਂ ਤੱਕ ਅਤੇ ਇਸ ਤੋਂ ਇਲਾਵਾ, ਇਸਦਾ ਮਤਲਬ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਰੁਕਾਵਟਾਂ ਨੂੰ ਦੂਰ ਕਰਨ ਲਈ ਸਾਡੀਆਂ ਬਹੁਤ ਸਾਰੀਆਂ ਮਹੱਤਵਪੂਰਨ ਜਨਤਕ ਸੰਸਥਾਵਾਂ ਦਾ ਕੋਰ ਸਰਕਾਰ ਨਾਲ ਤਾਲਮੇਲ ਕੀਤਾ ਜਾਵੇਗਾ।

ਸਮਾਪਤੀ ਵਿੱਚ, ਮੈਂ ਸਾਡੀ ਨਵੀਂ ਪ੍ਰੋਵਿੰਸ਼ੀਅਲ ਐਕਸੈਸਬਿਲਟੀ ਕਮੇਟੀ ਦੇ ਮੈਂਬਰਾਂ ਦਾ ਉਹਨਾਂ ਦੁਆਰਾ ਪ੍ਰਦਾਨ ਕੀਤੀ ਗਈ ਅਤੇ ਪ੍ਰਦਾਨ ਕਰਨਾ ਜਾਰੀ ਰੱਖਣ ਵਾਲੀ ਕੀਮਤੀ ਸਲਾਹ ਅਤੇ ਇਨਪੁਟ ਲਈ, ਸਮਰਪਿਤ ਜਨਤਕ ਸੇਵਕਾਂ ਜਿਹਨਾਂ ਨੇ ਐਕਸੈਸਿਬਲਬੀਸੀ ਦੇ ਵਿਕਾਸ ਵਿੱਚ ਤਾਲਮੇਲ ਬਣਾਉਣ ਵਿੱਚ ਮਦਦ ਕੀਤੀ ਹੈ, ਅਤੇ ਸਾਰੇ ਸੂਬੇ ਵਿਚਲੇ ਲੋਕਾਂ, ਜਿੰਨ੍ਹਾਂ ਦੀ

ਸਲਾਹ, ਅਤੇ ਇਨਪੁਟ ਇੱਕ ਸੱਚਮੁੱਚ ਪਹੁੰਚਯੋਗ ਅਤੇ ਸੰਮਲਿਤ ਭਵਿੱਖ ਲਈ ਸਾਡੀ ਦ੍ਰਿਸ਼ਟੀ ਨੂੰ ਸੇਧ ਦੇਣ ਅਤੇ ਆਕਾਰ ਦੇਣ ਵਿੱਚ ਮਦਦ ਕਰ ਰਹੀ ਹੈ, ਦਾ ਧੰਨਵਾਦ ਕਰਦਾ ਹਾਂ।

ਨਿਕੋਲਸ ਸਾਈਮਨਜ਼
ਮਿਨਿਸਟਰ ਔਫ਼ ਸੋਸ਼ਲ ਡੇਵੈਲਪਮੈਂਟ ਐਂਡ ਪਾਵਰਟੀ ਰਿਡਕਸ਼ਨ

# ਪ੍ਰੋਵਿੰਸ਼ੀਅਲ ਐਕਸੈਸਬਿਲਟੀ ਕਮੇਟੀ ਦੇ ਕੋ-ਚੇਅਰਾਂ ਵੱਲੋਂ ਸੁਨੇਹਾ

ਅਸੀਂ ਐਕਸੈਸਿਬਲਬੀਸੀ, 2022-2025 ਲਈ ਸਰਕਾਰ ਦੀ ਪਹੁੰਚਯੋਗਤਾ ਯੋਜਨਾ ਨੂੰ ਪੇਸ਼ ਕਰਨ ਲਈ ਬਹੁਤ ਖੁਸ਼ ਹਾਂ। ਬੀ.ਸੀ. ਦੀ ਨਵੀਂ ਪ੍ਰੋਵਿੰਸ਼ੀਅਲ ਐਕਸੈਸਬਿਲਟੀ ਕਮੇਟੀ ਦੇ ਉਦਘਾਟਨੀ ਸਹਿ-ਚੇਅਰਾਂ ਵਜੋਂ, ਵਧੇਰੇ ਪਹੁੰਚਯੋਗ ਅਤੇ ਸੰਮਲਿਤ ਸੂਬਾ ਬਣਨ ਲਈ ਬੀ.ਸੀ. ਦੇ ਯਤਨਾਂ ਦਾ ਸਮਰਥਨ ਕਰਨਾ ਸਨਮਾਨ ਦੀ ਗੱਲ ਹੈ।

ਅਸੀਂ ਆਪਣੇ ਸਾਥੀ ਪ੍ਰੋਵਿੰਸ਼ੀਅਲ ਐਕਸੈਸਬਿਲਟੀ ਕਮੇਟੀ ਮੈਂਬਰਾਂ ਨੂੰ ਸਵੀਕਾਰ ਕਰਨਾ ਅਤੇ ਉਹਨਾਂ ਦਾ ਧੰਨਵਾਦ ਕਰਨਾ ਚਾਹੁੰਦੇ ਹਾਂ। ਹਰ ਮੈਂਬਰ ਵਿਵਿਧ ਦ੍ਰਿਸ਼ਟੀਕੋਣ ਲਿਆਉਂਦਾ ਹੈ ਜੋ ਰੁਕਾਵਟਾਂ ਦੇ ਉਹਨਾਂ ਦੇ ਆਪਣੇ ਜੀਵਨ ਅਨੁਭਵ ਦੇ ਨਾਲ-ਨਾਲ ਅਪਾਹਜਤਾ ਭਾਈਚਾਰੇ ਵਿੱਚ ਦੂਜਿਆਂ ਦੀ ਸਹਾਇਤਾ ਕਰਨ ਦੇ ਉਹਨਾਂ ਦੇ ਅਨੁਭਵ ਵਿੱਚ ਸਥਾਪਿਤ ਹੁੰਦੇ ਹਨ। ਸਾਡੇ ਸੂਬੇ ਭਰ ਵਿੱਚ ਅਪੰਗਤਾਵਾਂ ਵਾਲੇ ਲੋਕਾਂ ਦਾ ਜੀਵਨ ਅਨੁਭਵ ਬਹੁਤ ਭਿੰਨ ਹੈ ਅਤੇ, ਪ੍ਰੋਵਿੰਸ਼ੀਅਲ ਐਕਸੈਸਬਿਲਟੀ ਕਮੇਟੀ ਦੀ ਸਲਾਹ ਤੋਂ ਇਲਾਵਾ, ਅਸੀਂ ਜਾਣਦੇ ਹਾਂ ਕਿ ਇਹ ਮਹੱਤਵਪੂਰਨ ਹੈ ਕਿ ਸਰਕਾਰ ਸਾਰੇ ਸੂਬੇ ਵਿੱਚ ਅਪੰਗਤਾਵਾਂ ਵਾਲੇ ਲੋਕਾਂ ਤੋਂ ਇਨਪੁਟ ਲੈਣਾ ਜਾਰੀ ਰੱਖੇ ਜਿਵੇਂ ਐਕਸੈਸਿਬਲਬੀਸੀ ਐਕਟ ਨੂੰ ਲਾਗੂ ਕਰਨ ਦਾ ਕੰਮ ਅੱਗੇ ਵਧਦਾ ਹੈ।

ਪ੍ਰੋਵਿੰਸ਼ੀਅਲ ਐਕਸੈਸਬਿਲਟੀ ਕਮੇਟੀ ਦੇ ਮੈਂਬਰ, ਜਿਸ ਵਿੱਚ ਅਸੀਂ ਖੁਦ ਸ਼ਾਮਲ ਹਾਂ, ਇੱਕ ਅਜਿਹੀ ਦੁਨੀਆਂ ਵਿੱਚ ਰਹਿਣ ਦੇ ਆਦੀ ਹਨ ਜੋ ਸਾਨੂੰ ਧਿਆਨ ਵਿੱਚ ਰੱਖ ਕੇ ਨਹੀਂ ਬਣਾਈ ਗਈ ਸੀ। ਭਾਵੇਂ ਇਹ ਇੱਕ ਇਮਾਰਤ ਹੈ ਜਿਸ ਵਿੱਚ ਰੈਂਪ ਦੀ ਬਜਾਏ ਪੌੜੀਆਂ ਹਨ, ਇੱਕ ਬੱਸ ਸਟਾਪ ਜਿਸ ਨੂੰ ਇੱਕ ਅੰਨ੍ਹਾ ਵਿਅਕਤੀ ਮਿਉਂਸਪਲ ਚਿੰਨ੍ਹ ਤੋਂ ਵੱਖ ਨਹੀਂ ਕਰ ਸਕਦਾ ਹੈ, ਇੱਕ ਅਧਿਕਾਰਤ ਪ੍ਰਸਾਰਣ ਜਿਸਦਾ ਅਮਰੀਕੀ ਸਾਇਨ ਲੈਂਗੁਏਜ ਵਿੱਚ ਅਨੁਵਾਦ ਨਹੀਂ ਕੀਤਾ ਗਿਆ ਹੈ, ਇੱਕ ਨੀਤੀ ਜਿਸਦੀ ਵਿਆਖਿਆ ਸਾਦੀ ਭਾਸ਼ਾ ਵਿੱਚ ਨਹੀਂ ਕੀਤੀ ਗਈ ਹੈ, ਜਾਂ ਉਨ੍ਹਾਂ ਅਨੇਕ ਹੋਰ ਰੁਕਾਵਟਾਂ ਵਿੱਚੋਂ ਕੋਈ ਵੀ ਜਿੰਨ੍ਹਾਂ ਦਾ ਅਪੰਗਤਾਵਾਂ ਵਾਲੇ ਲੋਕਾਂ ਨੂੰ ਰੋਜ਼ ਸਾਹਮਣਾ ਕਰਨਾ ਪੈਂਦਾ ਹੈ। ਐਕਸੈਸਿਬਲਬੀਸੀ ਐਕਟ ਨੂੰ ਲਾਗੂ ਕਰਨ ਲਈ ਕੀਤਾ ਜਾ ਰਿਹਾ ਕੰਮ ਸਾਨੂੰ ਸਹੀ ਦਿਸ਼ਾ ਵੱਲ ਵਧਾਉਂਦਾ ਰਹਿੰਦਾ ਹੈ, ਪਰ ਅਜੇ ਵੀ ਬਹੁਤ ਕੁਝ ਕਰਨਾ ਬਾਕੀ ਹੈ। ਅਸੀਂ ਆਸ਼ਾਵਾਦ ਦੀ ਭਾਵਨਾ ਨਾਲ ਅੱਗੇ ਦੇਖਦੇ ਹਾਂ ਪਰ ਅਸੀਂ ਇਹ ਵੀ ਜਾਣਦੇ ਹਾਂ ਕਿ ਵਧੇਰੇ ਪਹੁੰਚਯੋਗ ਅਤੇ ਸਮਾਵੇਸ਼ੀ ਭਵਿੱਖ ਦਾ ਦ੍ਰਿਸ਼ਟੀਕੋਣ ਸਾਡੇ ਸਾਂਝੇ ਯਤਨਾਂ ਅਤੇ ਦ੍ਰਿੜ ਇਰਾਦੇ ਨਾਲ ਹੀ ਸਾਕਾਰ ਹੋਵੇਗਾ।

ਸਪਰਿੰਗ ਹੌਜ਼ ਡੈਨ ਕੌਲਟਰ

# ਲਾਗੂ ਕਰਨ ਦੀ ਸਲਾਨਾ ਰਿਪੋਰਟ 2021/22

*ਐਕਸੈਸਿਬਲ ਬੀ.ਸੀ. ਐਕਟ* (ਐਕਟ) *ਦੀ ਧਾਰਾ 6* ਮਿਨਿਸਟਰ ਔਫ਼ ਸੋਸ਼ਲ ਡੇਵੇਲਪਮੈਂਟ ਐਂਡ ਪਾਵਰਟੀ ਰਿਡਕਸ਼ਨ ਤੋਂ ਇੱਕ ਸਾਲਾਨਾ ਰਿਪੋਰਟ ਪ੍ਰਕਾਸ਼ਿਤ ਕਰਨ ਦੀ ਮੰਗ ਕਰਦਾ ਹੈ ਜੋ ਮੰਤਰੀ ਅਤੇ ਪ੍ਰੋਵਿੰਸ਼ੀਅਲ ਐਕਸੈਸਬਿਲਟੀ ਕਮੇਟੀ ਦੁਆਰਾ *ਐਕਟ* ਅਤੇ ਇਸ ਦੇ ਨਿਯਮਾਂ ਨੂੰ ਲਾਗੂ ਕਰਨ ਲਈ ਹਰ ਵਿੱਤੀ ਸਾਲ ਵਿੱਚ ਕੀਤੀਆਂ ਗਈਆਂ ਕਾਰਵਾਈਆਂ ਦਾ ਵਰਣਨ ਕਰਦੀ ਹੈ।

ਨਿਮਨਲਿਖਤ ਜਾਣਕਾਰੀ 2021/22 ਵਿੱਚ ਐਕਸੈਸਬਿਲਟੀ ਡਾਇਰੈਕਟੋਰੇਟ ਦੁਆਰਾ ਐਕਟ ਨੂੰ ਲਾਗੂ ਕਰਨ ਅਤੇ ਹੋਰ ਕਾਰਵਾਈਆਂ ਦੇ ਕਦਮਾਂ ਦਾ ਸਾਰ ਦਿੰਦੀ ਹੈ।

## ਐਕਸੈਸਬਿਲਟੀ ਡਾਇਰੈਕਟੋਰੇਟ

ਫੌਲ 2021 ਵਿੱਚ, ਸਰਕਾਰ ਨੇ ਐਕਸੈਸਬਿਲਟੀ ਡਾਇਰੈਕਟੋਰੇਟ ਦੀ ਸਥਾਪਨਾ ਕੀਤੀ, ਜੋ ਕਿ ਐਕਟ ਨੂੰ ਲਾਗੂ ਕਰਨ ਲਈ ਸਰਕਾਰ ਅਤੇ ਅਪਾਗਤਾਵਾਂ ਵਾਲੇ ਲੋਕਾਂ ਅਤੇ ਵਿਆਪਕ ਭਾਈਚਾਰੇ ਦੇ ਨਾਲ ਕੰਮ ਕਰਨ ਲਈ ਜ਼ਿੰਮੇਵਾਰ ਟੀਮ ਹੈ।

## ਪ੍ਰੋਵਿੰਸ਼ੀਅਲ ਐਕਸੈਸਬਿਲਟੀ ਕਮੇਟੀ

3 ਦਸੰਬਰ, 2021 ਨੂੰ, ਮਿਨਿਸਟਰ ਔਫ਼ ਸੋਸ਼ਲ ਡੇਵੇਲਪਮੈਂਟ ਐਂਡ ਪਾਵਰਟੀ ਰਿਡਕਸ਼ਨ ਨੇ 11 ਵਿਅਕਤੀਆਂ ਨੂੰ ਪ੍ਰੋਵਿੰਸ਼ੀਅਲ ਐਕਸੈਸਬਿਲਟੀ ਕਮੇਟੀ ਦੇ ਪਹਿਲੇ ਮੈਂਬਰਾਂ ਵਜੋਂ ਨਿਯੁਕਤ ਕੀਤਾ। ਸਦੱਸਤਾ ਬ੍ਰਿਟਿਸ਼ ਕੋਲੰਬੀਅਨਾਂ ਦੀ ਵਿਭਿੰਨਤਾ ਨੂੰ ਦਰਸਾਉਣ ਦੀ ਕੋਸ਼ਿਸ਼ ਕਰਦੀ ਹੈ ਅਤੇ ਇਸ ਵਿੱਚ ਅਪੰਗਤਾਵਾਂ ਵਾਲੇ ਲੋਕ, ਅਪੰਗਤਾਵਾਂ ਵਾਲੇ ਲੋਕਾਂ ਦੀ ਸਹਾਇਤਾ ਕਰਨ ਵਾਲੀਆਂ ਸੰਸਥਾਵਾਂ ਦੇ ਵਿਅਕਤੀ, ਰੰਗ ਦੇ ਲੋਕ, ਅਤੇ ਇੰਡਿਜਨਸ ਨੁਮਾਇੰਦੇ ਸ਼ਾਮਲ ਹਨ।

ਕਮੇਟੀ ਸਾਲ ਵਿੱਚ ਘੱਟੋ-ਘੱਟ ਚਾਰ ਵਾਰ ਮੀਟਿੰਗ ਕਰੇਗੀ। 2021/22 ਵਿੱਚ, ਕਮੇਟੀ ਦੀ ਮੀਟਿੰਗ 2022 ਦੇ ਜਨਵਰੀ ਅਤੇ ਮਾਰਚ ਵਿੱਚ ਹੋਈ। ਡੈਨ ਕੌਲਟਰ, ਐਕਸੈਸਬਿਲਟੀ ਲਈ ਸੰਸਦੀ ਸਕੱਤਰ, ਅਤੇ ਸਪਰਿੰਗ ਹੌਜ਼ ਦੁਆਰਾ ਸਾਂਝੇ ਤੌਰ 'ਤੇ ਪ੍ਰਧਾਨਗੀ ਕੀਤੀ ਗਈ, ਕਮੇਟੀ ਦੇ ਕੰਮ ਵਿੱਚ ਸਰਕਾਰ ਨੂੰ ਐਕਟ ਨੂੰ ਲਾਗੂ ਕਰਨ ਬਾਰੇ ਸਲਾਹ ਦੇਣਾ, ਸਰਕਾਰ ਨੂੰ ਪਹੁੰਚਯੋਗਤਾ ਮਿਆਰਾਂ ਨੂੰ ਤਰਜੀਹ ਦੇਣ ਵਿੱਚ

ਮਦਦ ਕਰਨਾ ਅਤੇ ਰੁਜ਼ਗਾਰ, ਸਿੱਖਿਆ, ਆਵਾਜਾਈ ਵਰਗੇ ਖੇਤਰਾਂ ਵਿੱਚ ਮਿਆਰਾਂ ਨੂੰ ਵਿਕਸਤ ਕਰਨ ਦੀ ਪ੍ਰਕਿਰਿਆ ਦੀ ਨਿਗਰਾਨੀ ਕਰਨਾ ਅਤੇ ਕਸਟਮਰ ਸਰਵਿਸ ਸ਼ਾਮਲ ਹੋਵੇਗੀ।

## ਸਰਕਾਰ ਦੀ ਫੀਡਬੈਕ ਵਿਧੀ

ਐਕਟ ਨੂੰ ਲਾਗੂ ਕਰਨ ਦੇ ਕੰਮ ਦੇ ਹਿੱਸੇ ਵਜੋਂ, ਸਰਕਾਰ ਵਿਅਕਤੀਆਂ ਲਈ ਸਰਕਾਰੀ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਆਉਂਦੀਆਂ ਰੁਕਾਵਟਾਂ ਵੱਲ ਧਿਆਨ ਦੇਣ ਲਈ ਇੱਕ ਫੀਡਬੈਕ ਵਿਧੀ ਵਿਕਸਿਤ ਕਰ ਰਹੀ ਹੈ। ਇਹ ਨਵੀਂ ਫੀਡਬੈਕ ਵਿਧੀ ਸਰਕਾਰ ਨੂੰ ਸੂਬੇ ਵਿੱਚ ਅਪੰਗਤਾਵਾਂ ਵਾਲੇ ਲੋਕਾਂ ਦੀ ਪੂਰੀ ਅਤੇ ਬਰਾਬਰ ਭਾਗੀਦਾਰੀ ਵਿੱਚ ਰੁਕਾਵਟਾਂ ਦੀ ਪਛਾਣ ਕਰਨ ਅਤੇ ਉਹਨਾਂ ਨੂੰ ਹੱਲ ਕਰਨ ਦੇ ਕੰਮ ਵਿੱਚ ਮਦਦ ਕਰੇਗੀ।

ਐਕਸੈਸਬਿਲਟੀ ਡਾਇਰੈਕਟੋਰੇਟ ਫੀਡਬੈਕ ਵਿਧੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਮਜ਼ਬੂਤ ਉਪਭੋਗਤਾ ਟੈਸਟਿੰਗ ਦੀ ਸਹੂਲਤ ਲਈ ਪ੍ਰੋਵਿੰਸ਼ੀਅਲ ਐਕਸੈਸਬਿਲਟੀ ਕਮੇਟੀ ਅਤੇ ਹੋਰ ਸਰਕਾਰੀ ਭਾਈਵਾਲਾਂ ਨਾਲ ਕੰਮ ਕਰੇਗਾ।

ਸਰਕਾਰ ਦਾ ਟੀਚਾ ਫੌਲ 2022 ਵਿੱਚ ਨਵੀਂ ਫੀਡਬੈਕ ਵਿਧੀ ਨੂੰ ਪੇਸ਼ ਕਰਨਾ ਹੈ। ਕਾਰਜਸ਼ੀਲ ਹੋਣ ਤੋਂ ਬਾਅਦ, ਪ੍ਰਾਪਤ ਫੀਡਬੈਕ ਸਰਕਾਰ ਨੂੰ ਆਪਣੀਆਂ ਸੇਵਾਵਾਂ ਨੂੰ ਵਧੇਰੇ ਪਹੁੰਚਯੋਗ ਬਣਾਉਣ ਵਿੱਚ ਮਦਦ ਕਰੇਗੀ ਅਤੇ ਭਵਿੱਖੀ ਪਹੁੰਚਯੋਗਤਾ ਯੋਜਨਾਵਾਂ ਨੂੰ ਸੂਚਿਤ ਕਰੇਗੀ। ਅੰਤਰਿਮ ਵਿੱਚ ਲੋਕ accessibility@gov.bc.ca 'ਤੇ ਟਿੱਪਣੀਆਂ ਦੇ ਸਕਦੇ ਹਨ।

## ਬੀਸੀ ਸਰਕਾਰ ਦੀ ਪਹੁੰਚਯੋਗਤਾ ਯੋਜਨਾ

2021/22 ਵਿੱਚ, ਐਕਸੈਸਬਿਲਟੀ ਡਾਇਰੈਕਟੋਰੇਟ ਨੇ ਪਹਿਲੀ ਸਰਕਾਰੀ ਪਹੁੰਚਯੋਗਤਾ ਯੋਜਨਾ 2022/23-2024/25 ਨੂੰ ਵਿਕਸਤ ਕਰਨ ਲਈ ਪ੍ਰੋਵਿੰਸ਼ੀਅਲ ਐਕਸੈਸਬਿਲਟੀ ਕਮੇਟੀ ਅਤੇ ਸਰਕਾਰਾਂ ਦੇ ਸਾਰੇ ਮੰਤਰਾਲਿਆਂ ਨਾਲ ਕੰਮ ਕੀਤਾ।

## ਐਕਸੈਸਿਬਲ ਬੀਸੀ ਕਨੂੰਨ

ਐਕਸੈਸਬਿਲਟੀ ਡਾਇਰੈਕਟੋਰੇਟ ਨੇ ਐਕਟ ਦੇ ਭਾਗ 3 ਦੀ ਪਾਲਣਾ ਕਰਨ ਲਈ ਜਨਤਕ ਖੇਤਰ ਦੀਆਂ ਸੰਸਥਾਵਾਂ ਦੀ ਤਿਆਰੀ ਦਾ ਮੁਲਾਂਕਣ ਕਰਨ ਲਈ ਅਗਸਤ ਤੋਂ ਅਕਤੂਬਰ 2021 ਤੱਕ 800 ਤੋਂ ਵੱਧ ਜਨਤਕ ਖੇਤਰ ਦੀਆਂ ਸੰਸਥਾਵਾਂ ਅਤੇ ਇੰਡਿਜਨਸ ਭਾਈਵਾਲਾਂ ਨਾਲ ਸਲਾਹ-ਮਸ਼ਵਰਾ ਕੀਤਾ ਅਤੇ ਉਨ੍ਹਾਂ ਨੂੰ ਸ਼ਾਮਲ ਕੀਤਾ।

1 ਸਤੰਬਰ, 2022 ਤੋਂ ਸ਼ੁਰੂਆਤ ਕਰਕੇ, 750 ਤੋਂ ਵੱਧ ਜਨਤਕ ਖੇਤਰ ਦੀਆਂ ਸੰਸਥਾਵਾਂ ਕੋਲ ਐਕਸੈਸਿਬਲ ਬੀ.ਸੀ. ਐਕਟ ਦੇ ਭਾਗ 3 ਦੀ ਪਾਲਣਾ ਕਰਨ ਲਈ ਘੱਟੋ-ਘੱਟ ਇੱਕ ਸਾਲ ਹੈ। ਉਹਨਾਂ ਨੂੰ ਇੱਕ ਪਹੁੰਚਯੋਗਤਾ ਕਮੇਟੀ, ਇੱਕ ਪਹੁੰਚਯੋਗਤਾ ਯੋਜਨਾ ਅਤੇ ਇੱਕ ਜਨਤਕ ਫੀਡਬੈਕ ਵਿਧੀ ਸਥਾਪਿਤ ਕੀਤੇ ਹੋਣ ਦੀ ਲੋੜ ਹੋਵੇਗੀ।

ਸਰਕਾਰ ਨੇ ਪਾਲਣਾ ਨੂੰ ਪ੍ਰਾਪਤ ਕਰਨ ਲਈ ਕਾਨੂੰਨੀ ਲੋੜਾਂ ਪੂਰੀਆਂ ਕਰਨ ਵਿੱਚ ਸੰਸਥਾਵਾਂ ਦੀ ਸਹਾਇਤਾ ਲਈ ਤਿੰਨ ਸਾਲਾਂ ਵਿੱਚ $3 ਮਿਲੀਅਨ ਪ੍ਰਦਾਨ ਕੀਤੇ ਹਨ। ਫੰਡਿੰਗ ਦਾ ਪ੍ਰਬੰਧ ਡਿਸਅਬਿਲਟੀ ਅਲਾਇੰਸ ਔਫ ਬੀਸੀ ਦੁਆਰਾ ਕੀਤਾ ਜਾਵੇਗਾ।

## ਐਕਸੈਸਅਬਿਲਟੀ (AccessAbility) ਹਫ਼ਤੇ ਦੀ ਮਾਨਤਾ

ਐਕਸੈਸਅਬਿਲਟੀ ਹਫ਼ਤਾ ਅਪਾਹਜਤਾ ਕਮਿਊਨਿਟੀ ਵਿੱਚ ਉਹਨਾਂ ਲੋਕਾਂ, ਜੋ ਪਹੁੰਚਯੋਗਤਾ ਵਿੱਚ ਰੁਕਾਵਟਾਂ ਦੀ ਪਛਾਣ ਕਰਨ, ਹਟਾਉਣ ਅਤੇ ਰੋਕਣ ਲਈ ਕੰਮ ਕਰ ਰਹੇ ਹਨ ਦਾ ਜਸ਼ਨ ਮਨਾਉਂਦੇ ਹੋਏ, ਸ਼ਮੂਲੀਅਤ ਅਤੇ ਪਹੁੰਚਯੋਗਤਾ ਨੂੰ, ਉਤਸ਼ਾਹਿਤ ਕਰਦਾ।

2021 ਵਿੱਚ, ਸੂਬੇ ਨੇ 30 ਮਈ ਤੋਂ 5 ਜੂਨ, 2021 ਤੱਕ ਨੂੰ, ਐਕਸੈਸਅਬਿਲਟੀ ਹਫ਼ਤੇ ਵਜੋਂ ਘੋਸ਼ਿਤ ਕੀਤਾ, ਜੋ ਕਿ ਰਾਸ਼ਟਰੀ ਐਕਸੈਸਅਬਿਲਟੀ ਹਫ਼ਤੇ ਅਤੇ ਰਾਸ਼ਟਰੀ ਇੰਡਿਜਨਸ ਐਕਸੈਸਅਬਿਲਟੀ ਹਫ਼ਤੇ ਨਾਲ ਮੇਲ ਖਾਂਦਾ ਸੀ।

ਐਕਸੈਸਅਬਿਲਟੀ ਹਫ਼ਤੇ ਦੇ ਹਿੱਸੇ ਵਜੋਂ, ਸਰਕਾਰ ਨੇ ਕਮਿਊਨਿਟੀ-ਆਧਾਰਿਤ ਪਹੁੰਚਯੋਗਤਾ ਪ੍ਰੋਜੈਕਟਾਂ ਲਈ ਡਿਸਅਬਿਲਟੀ ਅਲਾਇੰਸ ਔਫ ਬੀਸੀ ਦੁਆਰਾ ਵੰਡੇ ਜਾਣ ਵਾਲੀਆਂ ਗ੍ਰਾਂਟਾਂ ਵਿੱਚ $500,000 ਦੇ ਫੰਡ ਦੀ ਘੋਸ਼ਣਾ ਕੀਤੀ ਹੈ।

ਦਸੰਬਰ 2021 ਵਿੱਚ, 15 ਬਿਨੈਕਾਰਾਂ ਨੇ ਪਹੁੰਚਯੋਗਤਾ ਨੂੰ ਉਤਸ਼ਾਹਿਤ ਕਰਨ ਲਈ ਪ੍ਰੋਜੈਕਟ ਦੇ ਆਕਾਰ ਅਤੇ ਦਾਇਰੇ ਦੇ ਆਧਾਰ 'ਤੇ $10,500 ਤੋਂ $ 40,000 ਤੱਕ ਦੀਆਂ ਗ੍ਰਾਂਟਾਂ ਪ੍ਰਾਪਤ ਕੀਤੀਆਂ। ਫੰਡ ਕੀਤੇ ਪ੍ਰੋਜੈਕਟਾਂ ਵਿੱਚ ਕਲਾ ਨਿਰਦੇਸ਼ ਅਤੇ ਮੂਵਮੈਂਟ ਥੈਰੇਪੀ ਤੋਂ ਲੈ ਕੇ ਐਮਰਜੈਂਸੀ ਪ੍ਰਤੀਕਿਰਿਆ ਯੋਜਨਾਵਾਂ ਅਤੇ ਬੋਲ਼ੇ ਅਤੇ ਘੱਟ ਸੁਣਨ ਵਾਲੇ ਲੋਕਾਂ ਲਈ ਸਾਈਕਲ ਪ੍ਰੋਗਰਾਮ ਸ਼ਾਮਲ ਹਨ।

2022 ਵਿੱਚ, ਸਰਕਾਰ ਨੇ ਮਈ ਦੇ ਆਖ਼ਰੀ ਐਤਵਾਰ ਤੋਂ ਸ਼ੁਰੂਆਤ ਕਰਕੇ ਅਤੇ 2022 ਵਿੱਚ ਸ਼ੁਰੂ ਹੋਣ ਵਾਲਾ ਐਕਸੈਸਅਬਿਲਟੀ ਹਫ਼ਤਾ ਨਿਰਧਾਰਤ ਕਰਨ ਲਈ *ਐਕਸੈਸਿਬਲ ਬੀ.ਸੀ. ਐਕਟ* ਦੇ ਤਹਿਤ ਇੱਕ ਨਿਯਮ ਅਪਣਾਇਆ। ਇਹ *ਐਕਸੈਸਿਬਲ ਕੈਨੇਡਾ ਐਕਟ* ਦੇ ਤਹਿਤ ਰਾਸ਼ਟਰੀ ਐਕਸੈਸਅਬਿਲਟੀ ਹਫ਼ਤੇ ਅਤੇ ਰਾਸ਼ਟਰੀ ਇੰਡਿਜਨਸ ਐਕਸੈਸਅਬਿਲਟੀ ਹਫ਼ਤੇ ਨਾਲ ਇਕਸਾਰ ਹੈ।

## ਪਹੁੰਚਯੋਗਤਾ ਮਾਪਦੰਡਾਂ ਦੇ ਵਿਕਾਸ ਦੀ ਤਿਆਰੀ ਲਈ ਸ਼ੁਰੂਆਤੀ ਕੰਮ

ਮਾਰਚ 2022 ਵਿੱਚ, ਪ੍ਰੋਵਿੰਸ਼ੀਅਲ ਐਕਸੈਸਬਿਲਟੀ ਕਮੇਟੀ ਦੇ ਮੈਂਬਰਾਂ ਨੇ ਪਹੁੰਚਯੋਗਤਾ ਮਿਆਰਾਂ ਦੇ ਵਿਕਾਸ ਨੂੰ ਤਰਜੀਹ ਦੇਣ ਬਾਰੇ ਚਰਚਾ ਕੀਤੀ। ਉਹਨਾਂ ਦੀ ਇਨਪੁਟ ਮਿਆਰਾਂ ਦੀ ਤਰਤੀਬ ਬਾਰੇ ਮੰਤਰੀ ਦੇ ਫੈਸਲੇ ਨੂੰ ਸੂਚਿਤ ਕਰੇਗੀ।

## ਸਲਾਹਕਾਰ ਕਮੇਟੀਆਂ ਦੇ ਨਾਲ ਕੰਮ

2021/22 ਵਿੱਚ, ਐਕਸੈਸਬਿਲਟੀ ਡਾਇਰੈਕਟੋਰੇਟ ਨੇ ਹੇਠ ਲਿਖੀਆਂ ਸਲਾਹਕਾਰ ਕਮੇਟੀਆਂ ਦੇ ਕੰਮ ਦਾ ਸਮਰਥਨ ਕੀਤਾ:

- ਪ੍ਰੈਜ਼ੀਡੈਂਟਸ ਗਰੁੱਪ (Presidents Group): ਕਾਰੋਬਾਰੀ ਨੇਤਾਵਾਂ ਦਾ ਇੱਕ ਨੈਟਵਰਕ ਜੋ ਵਧੇਰੇ ਸੰਮਲਿਤ ਕਾਰਜ ਸਥਾਨਾਂ ਲਈ ਚੈਂਪੀਅਨ ਹਨ। ਉਹ ਅਪੰਗਤਾਵਾਂ ਵਾਲੇ ਲੋਕਾਂ ਲਈ ਰੋਜ਼ਗਾਰ ਦੇ ਮੌਕੇ ਵਧਾਉਣ ਲਈ ਰੋਜ਼ਗਾਰਦਾਤਾਵਾਂ ਨੂੰ ਸਾਧਨ ਪ੍ਰਦਾਨ ਕਰਦੇ ਹਨ।

- ਰਜਿਸਟਰਡ ਡਿਸਅਬਿਲਟੀ ਸੇਵਿੰਗਜ਼ ਪਲਾਨ ਐਕਸ਼ਨ ਗਰੁੱਪ: ਗਰੁੱਪ ਰਜਿਸਟਰਡ ਡਿਸਅਬਿਲਟੀ ਸੇਵਿੰਗਜ਼ ਪਲਾਨ ਨੂੰ ਅਪਟੇਕ ਕਰਕੇ ਅਪੰਗਤਾਵਾਂ ਵਾਲੇ ਲੋਕਾਂ ਲਈ ਲੰਬੇ ਸਮੇਂ ਦੀ ਵਿੱਤੀ ਸੁਰੱਖਿਆ ਵਧਾਉਣ ਲਈ ਕੰਮ ਕਰਦਾ ਹੈ।

- ਕੋਵਿਡ-19 ਡਿਸਅਬਿਲਟੀ ਵਰਕਿੰਗ ਗਰੁੱਪ: ਅਪਾਹਜਤਾ ਅਤੇ ਅਪਾਹਜਤਾ ਹਿਮਾਇਤੀਆਂ ਦੇ ਜੀਏ ਗਏ ਅਨੁਭਵ ਵਾਲੇ ਲੋਕਾਂ ਦਾ ਇੱਕ ਸਮੂਹ। ਸਮੂਹ ਨੇ ਮਹਾਂਮਾਰੀ ਦੇ ਦੌਰਾਨ ਮਾਹਰ ਸਲਾਹ ਅਤੇ ਸੰਭਾਵੀ ਹੱਲ ਪ੍ਰਦਾਨ ਕੀਤੇ। ਇਹ ਹੁਣ ਭੰਗ ਕਰ ਦਿੱਤਾ ਗਿਆ ਹੈ।

# ਬੀਸੀ ਸਰਕਾਰ ਦੀ ਪਹੁੰਚਯੋਗਤਾ ਯੋਜਨਾ ਨਾਲ ਜਾਣ-ਪਛਾਣ

ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਇੱਥੇ ਰਹਿਣ ਵਾਲੇ ਸਾਰੇ ਲੋਕਾਂ ਲਈ ਇੱਕ ਸੰਮਲਿਤ ਸੂਬਾ ਬਣਨ ਲਈ ਵਚਨਬੱਧ ਹੈ। ਬੀ.ਸੀ. ਵਿੱਚ 926,000 ਤੋਂ ਵੱਧ ਲੋਕ ਕਿਸੇ ਕਿਸਮ ਦੀ ਅਪੰਗਤਾ ਨਾਲ ਰਹਿ ਰਹੇ ਹਨ। ਜੂਨ 2021 ਵਿੱਚ, *ਐਕਸੈਸਿਬਲ ਬੀ.ਸੀ ਐਕਟ* ਕਾਨੂੰਨ ਬਣ ਗਿਆ ਅਤੇ ਇਸ ਨੇ ਅਪਾਹਜ ਲੋਕਾਂ ਦੀ ਪੂਰੀ ਅਤੇ ਬਰਾਬਰ ਭਾਗੀਦਾਰੀ ਵਿੱਚ ਰੁਕਾਵਟਾਂ ਦੀ ਪਛਾਣ ਕਰਨ, ਹਟਾਉਣ ਅਤੇ ਰੋਕਣ ਲਈ ਇੱਕ ਕਾਨੂੰਨੀ ਢਾਂਚਾ ਸਥਾਪਤ ਕੀਤਾ। ਨਵਾਂ ਕਾਨੂੰਨ ਇੱਕ ਸੱਚਮੁੱਚ ਪਹੁੰਚਯੋਗ ਸੂਬਾ ਬਣਨ ਦੀ ਯਾਤਰਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

*ਐਕਸੈਸਿਬਲ ਬੀ.ਸੀ ਐਕਟ ਦੇ* ਅਧੀਨ, ਸਰਕਾਰ ਨੂੰ ਇੱਕ ਪਹੁੰਚਯੋਗਤਾ ਯੋਜਨਾ ਵਿਕਸਿਤ ਕਰਨ ਅਤੇ ਹਰ ਤਿੰਨ ਸਾਲਾਂ ਵਿੱਚ ਘੱਟੋ-ਘੱਟ ਇੱਕ ਵਾਰ ਇਸਨੂੰ ਅੱਪਡੇਟ ਕਰਨ ਦੀ ਲੋੜ ਹੁੰਦੀ ਹੈ। ਇਹ ਯੋਜਨਾ ਅੰਤਰ-ਸਰਕਾਰੀ ਸਹਿਯੋਗ ਅਤੇ ਪ੍ਰੋਵਿੰਸ਼ੀਅਲ ਐਕਸੈਸਬਿਲਟੀ ਕਮੇਟੀ ਨਾਲ ਸਲਾਹ-ਮਸ਼ਵਰੇ ਰਾਹੀਂ ਤਿਆਰ ਕੀਤੀ ਗਈ ਸੀ। ਜਿਵੇਂ ਯੋਜਨਾ ਨੂੰ ਲਾਗੂ ਕਰਨ ਦਾ ਕੰਮ ਅੱਗੇ ਵਧਦਾ ਹੈ, ਕਮੇਟੀ ਸਰਕਾਰ ਨੂੰ ਸਲਾਹ ਦਿੰਦੀ ਰਹੇਗੀ।

ਇਸ ਯੋਜਨਾ ਦੇ ਵਿਕਾਸ ਦੌਰਾਨ ਵਿਚਾਰੇ ਗਏ ਪਹੁੰਚਯੋਗਤਾ ਦੇ ਸਿਧਾਂਤਾਂ ਵਿੱਚ ਸ਼ਾਮਲ ਹਨ: ਸਮਾਵੇਸ਼, ਅਨੁਕੂਲਤਾ, ਵਿਭਿੰਨਤਾ, ਸਹਿਯੋਗ, ਸਵੈ-ਨਿਰਣੇ, ਅਤੇ ਵਿਸ਼ਵਵਿਆਪੀ ਡਿਜ਼ਾਈਨ। ਇਹ ਬੁਨਿਆਦੀ ਸਿਧਾਂਤ ਪ੍ਰੋਵਿੰਸ਼ੀਅਲ ਐਕਸੈਸਬਿਲਟੀ ਕਮੇਟੀ ਦੇ ਕੰਮ ਨੂੰ ਵੀ ਸੂਚਿਤ ਕਰਨਗੇ ਜਿਵੇਂ ਪ੍ਰਸਤਾਵਿਤ ਪਹੁੰਚਯੋਗਤਾ ਮਿਆਰਾਂ ਨੂੰ ਵਿਕਸਤ ਕਰਨ ਦਾ ਕੰਮ ਸ਼ੁਰੂ ਹੁੰਦਾ ਹੈ।

### ਸਪੌਟਲਾਈਟ: ਪਹੁੰਚਯੋਗਤਾ ਵਿੱਚ ਰੁਕਾਵਟਾਂ ਦੀਆਂ ਉਦਾਹਰਨਾਂ ਕੀ ਹਨ?

ਰਵੱਈਏ ਸੰਬੰਧੀ: ਜਦੋਂ ਲੋਕ ਗਲਤ ਧਾਰਨਾਵਾਂ ਦੇ ਅਧਾਰ ਤੇ ਸੋਚਦੇ ਅਤੇ ਕੰਮ ਕਰਦੇ ਹਨ, ਜਿਵੇਂ ਕਿ:

- ਅਪੰਗਤਾਵਾਂ ਵਾਲੇ ਲੋਕਾਂ ਨੂੰ ਸ਼ਾਮਲ ਕੀਤੇ ਬਿਨਾਂ ਉਹਨਾਂ ਬਾਰੇ ਫੈਸਲੇ ਲੈਣਾ

- ਇਹ ਵਿਸ਼ਵਾਸ ਨਾ ਕਰਨਾ ਕਿ ਇੱਕ ਅਪਾਹਜ ਵਿਅਕਤੀ ਕਾਰਜਬਲ ਵਿੱਚ ਯੋਗਦਾਨ ਪਾ ਸਕਦਾ ਹੈ

ਸਰੀਰਕ: ਜਦੋਂ ਵਾਤਾਵਰਣ ਵਿੱਚ ਰੁਕਾਵਟਾਂ ਪਹੁੰਚ ਨੂੰ ਮੁਸ਼ਕਲ ਬਣਾਉਂਦੀਆਂ ਹਨ, ਜਿਵੇਂ ਕਿ:

- ਅਪਹੁੰਚਯੋਗ ਸਮਾਗਮਾਂ ਜਾਂ ਮੀਟਿੰਗਾਂ ਦੀਆਂ ਥਾਵਾਂ ਦੀ ਮੇਜ਼ਬਾਨੀ ਕਰਨਾ
- ਇੱਕ ਪਹੁੰਚਯੋਗ ਸਟਾਲ ਵਾਲਾ ਵਾਸ਼ਰੂਮ ਪਰ ਕੋਈ ਆਟੋਮੈਟਿਕ ਡੋਰ ਓਪਨਰ ਨਹੀਂ ਹੋਣਾ

ਜਾਣਕਾਰੀ ਜਾਂ ਸੰਚਾਰ: ਜਦੋਂ ਅਪਾਹਜਤਾਵਾਂ ਵਾਲੇ ਲੋਕਾਂ ਨੂੰ ਬਾਹਰ ਰੱਖਿਆ ਜਾਂਦਾ ਹੈ ਕਿਉਂਕਿ ਉਹ ਸੰਚਾਰ ਕਰਨ ਲਈ ਹੋਰ ਤਰੀਕਿਆਂ ਦੀ ਵਰਤੋਂ ਕਰਦੇ ਹਨ, ਜਿਵੇਂ ਕਿ:

- ਛੋਟੇ ਪ੍ਰਿੰਟ ਦੀ ਵਰਤੋਂ ਕਰਨਾ ਜਾਂ ਸਮੱਗਰੀ ਦੇ ਵੱਡੇ-ਪ੍ਰਿੰਟ ਸੰਸਕਰਣ ਪ੍ਰਦਾਨ ਨਹੀਂ ਕਰਨਾ
- ਵੀਡੀਓ, ਇਵੈਂਟਾਂ ਜਾਂ ਮੀਟਿੰਗਾਂ ਜਿਹਨਾਂ ਵਿੱਚ ਕਲੋਜ਼ਡ ਕੈਪਸ਼ਨਾਂ ਨਹੀਂ ਹੁੰਦੀਆਂ

ਪ੍ਰਣਾਲੀਗਤ: ਜਦੋਂ ਕਿਸੇ ਸੰਗਠਨ ਦੀਆਂ ਨੀਤੀਆਂ, ਅਭਿਆਸਾਂ ਜਾਂ ਪ੍ਰਕਿਰਿਆਵਾਂ ਦੇ ਨਤੀਜੇ ਵਜੋਂ ਕਿਸੇ ਨੂੰ ਬਾਹਰ ਰੱਖਿਆ ਜਾਂਦਾ ਹੈ, ਜਿਵੇਂ ਕਿ:

- ਇੱਕ ਅਮਰੀਕੀ ਸਾਇਨ ਲੈਂਗੁਏਜ ਦੁਭਾਸ਼ੀਆ ਜਾਂ ਕਲੋਜ਼ਡ ਕੈਪਸ਼ਨਿੰਗ ਪ੍ਰਦਾਨ ਨਹੀਂ ਕਰਨਾ
- ਅਜਿਹੀ ਨੌਕਰੀ ਲਈ ਡ੍ਰਾਈਵਰਜ਼ ਲਾਇਸੈਂਸ ਦੀ ਲੋੜ ਹੋਣਾ ਜਿਸ ਨੂੰ ਆਵਾਜਾਈ ਦੇ ਕਿਸੇ ਹੋਰ ਰੂਪ ਦੀ ਵਰਤੋਂ ਕਰਨ ਲਈ ਪੁਨਰਗਠਿਤ ਕੀਤਾ ਜਾ ਸਕਦਾ ਹੈ

ਤਕਨਾਲੋਜੀ: ਜਦੋਂ ਅਪਾਹਜ ਲੋਕਾਂ ਦੁਆਰਾ ਤਕਨਾਲੋਜੀ ਤੱਕ ਪਹੁੰਚ ਨਹੀਂ ਕੀਤੀ ਜਾ ਸਕਦੀ, ਜਿਵੇਂ ਕਿ:

- ਵੈੱਬਸਾਈਟਾਂ, ਦਸਤਾਵੇਜ਼, ਜਾਂ ਡੇਟਾਬੇਸ ਜੋ ਸਕ੍ਰੀਨ ਰੀਡਰਾਂ ਲਈ ਪਹੁੰਚਯੋਗ ਨਹੀਂ ਹਨ
- ਵੈਬਸਾਈਟ ਗ੍ਰਾਫ ਅਤੇ ਚਾਰਟ ਜੋ ਉਹਨਾਂ ਦੀ ਵਿਆਖਿਆ ਕਰਨ ਵਾਲੇ ਟੈਕਸਟ ਦੇ ਬਿਨਾਂ ਪੋਸਟ ਕੀਤੇ ਜਾਂਦੇ ਹਨ

ਸੰਵੇਦੀ: ਜਦੋਂ ਸੰਵੇਦੀ ਜਾਣਕਾਰੀ ਜਿਵੇਂ ਕਿ ਰੌਸ਼ਨੀ, ਆਵਾਜ਼ਾਂ, ਗੰਧਾਂ, ਆਦਿ ਵਾਤਾਵਰਣ ਵਿੱਚ ਭਾਗੀਦਾਰੀ ਨੂੰ ਰੋਕਣ, ਜਿਵੇਂ ਕਿ:

- ਕੰਮ ਵਾਲੀ ਥਾਂ ਵਿਖੇ ਸੈਂਟ ਪਹਿਨਣ ਵਾਲੇ ਸਹਿ-ਕਰਮਚਾਰੀ
- ਕੰਮ ਵਾਲੀ ਥਾਂ 'ਤੇ ਫਲੋਰੋਸੈਂਟ ਰੋਸ਼ਨੀ ਦੀ ਵਰਤੋਂ

# ਅੱਜ ਤੱਕ ਦੀਆਂ ਕਾਰਵਾਈਆਂ

ਬ੍ਰਿਟਿਸ਼ ਕੋਲੰਬੀਆ ਸਰਕਾਰ ਦੀ ਪਹੁੰਚਯੋਗਤਾ, ਵਿਭਿੰਨਤਾ ਅਤੇ ਸ਼ਾਮਲ ਕਰਨ ਲਈ ਲੰਬੇ ਸਮੇਂ ਤੋਂ ਵਚਨਬੱਧਤਾ ਹੈ। ਪਹੁੰਚਯੋਗਤਾ ਇੱਕ ਨਿਰੰਤਰ ਯਾਤਰਾ ਹੈ ਅਤੇ ਪਿਛਲੇ ਕੁਝ ਸਾਲਾਂ ਵਿੱਚ, ਅਸੀਂ ਸਰਕਾਰੀ ਸੇਵਾਵਾਂ ਨੂੰ ਵਧੇਰੇ ਪਹੁੰਚਯੋਗ ਬਣਾਉਣ ਲਈ ਕਈ ਕਾਰਵਾਈਆਂ ਕੀਤੀਆਂ ਹਨ, ਜਿਸ ਵਿੱਚ ਹੇਠ ਲਿਖੇ ਸ਼ਾਮਲ ਹਨ:

- ਅਪਾਹਜਤਾਵਾਂ ਵਾਲੇ ਸਿਖਿਆਰਥੀਆਂ ਦੀ ਸਫਲਤਾ ਦਾ ਸਮਰਥਨ ਕਰਨ ਲਈ 2021 ਵਿੱਚ 20 ਜਨਤਕ ਪੋਸਟ-ਸੈਕੰਡਰੀ ਸੰਸਥਾਵਾਂ ਨੂੰ $1.5 ਮਿਲੀਅਨ ਅਤੇ ਸੇਵਾ ਪ੍ਰਦਾਨ ਕਰਨ ਵਾਲੇ ਭਾਈਵਾਲਾਂ ਨੂੰ $250,000 ਪ੍ਰਦਾਨ ਕੀਤੇ। [ਲੀਡ: ਮਿਨਿਸਟਰੀ ਔਫ ਅਡਵਾਂਸਡ ਐਜੁਕੇਸ਼ਨ ਐਂਡ ਸਕਿਲਜ਼ ਟ੍ਰੇਨਿੰਗ]

- ਦਿਹਾਤੀ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਉੱਚ-ਸਪੀਡ ਇੰਟਰਨੈਟ ਕਨੈਕਟੀਵਿਟੀ ਪ੍ਰਦਾਨ ਕਰਨ ਲਈ ਲੋੜੀਂਦੇ ਬੁਨਿਆਦੀ ਢਾਂਚੇ ਲਈ ਭੁਗਤਾਨ ਕਰਨ ਵਿੱਚ ਮਦਦ ਕਰਨ ਲਈ ਕਨੈਕਟਿੰਗ ਬ੍ਰਿਟਿਸ਼ ਕੋਲੰਬੀਆ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। [ਲੀਡ: ਮਿਨਿਸਟਰੀ ਔਫ ਸਿਟਿਜ਼ਨਜ਼ ਸਰਵਿਸਿਜ਼]

- ਇੱਕ ਮੁੱਖ ਸਰੋਤ ਵਜੋਂ ਕੰਮ ਕਰਨ ਲਈ ਐਕਸੈਸਬਿਲਟੀ ਅਤੇ ਇਨਕਲੂਜ਼ਨ ਟੂਲਕਿੱਟ ਦੀ ਸ਼ੁਰੂਆਤ ਕੀਤੀ ਜੋ ਕਿ ਵੈੱਬਸਾਈਟਾਂ, ਰਿਪੋਰਟਾਂ ਅਤੇ ਪ੍ਰਸਤੁਤੀਆਂ ਵਰਗੀਆਂ ਪਹੁੰਚਯੋਗ ਡਿਜੀਟਲ ਸਮੱਗਰੀ ਨੂੰ ਕਿਵੇਂ ਬਣਾਉਣਾ ਹੈ ਬਾਰੇ ਸਰਕਾਰੀ ਸਟਾਫ਼ ਨੂੰ ਕਦਮ-ਦਰ-ਕਦਮ ਹਦਾਇਤਾਂ ਪ੍ਰਦਾਨ ਕਰਦਾ ਹੈ। [ਲੀਡ: ਮਿਨਿਸਟਰੀ ਔਫ ਸਿਟਿਜ਼ਨਜ਼ ਸਰਵਿਸਿਜ਼]

- ਸੂਬਾਈ ਸਰਕਾਰੀ ਇਮਾਰਤਾਂ ਵਿੱਚ ਰੁਕਾਵਟਾਂ ਨੂੰ ਦੂਰ ਕਰਨ ਅਤੇ ਸਮਾਵੇਸ਼ ਨੂੰ ਵਧਾਉਣ ਲਈ ਰਿਕ ਹੈਨਸਨ ਫਾਊਂਡੇਸ਼ਨ ਦੇ ਨਾਲ ਕੰਮ ਕਰਦੇ ਹੋਏ ਸੋਸ਼ਲ ਸਟੂਅਰਡਸ਼ਿੱਪ ਪਾਲਸੀ ਅਤੇ ਬਿਲਡਿੰਗਜ਼ ਫੌਰ ਪੀਪਲ ਪ੍ਰੋਗਰਾਮ ਤਿਆਰ ਕੀਤਾ। [ਲੀਡ: ਮਿਨਿਸਟਰੀ ਔਫ ਸਿਟਿਜ਼ਨਜ਼ ਸਰਵਿਸਿਜ਼]

- ਨਵੀਆਂ ਇਮਾਰਤਾਂ ਵਿੱਚ ਪਹੁੰਚਯੋਗਤਾ ਲੋੜਾਂ ਨੂੰ ਵਧਾਉਣ ਲਈ ਰੁਕਾਵਟਾਂ ਅਤੇ ਤਰਜੀਹਾਂ ਬਾਰੇ ਬੀਸੀ ਬਿਲਡਿੰਗ ਕੋਡ ਨੂੰ ਸੂਚਿਤ ਕਰਨ ਲਈ ਜਨਤਾ ਨਾਲ ਜੁੜੇ [ਲੀਡ: ਮਿਨਿਸਟਰੀ ਔਫ ਅਟੌਰਨੀ ਜਨਰਲ ਅਤੇ ਹਾਊਸਿੰਗ ਲਈ ਜ਼ਿੰਮੇਵਾਰ ਮੰਤਰੀ]

- ਐਟ ਹੋਮ ਪ੍ਰੋਗਰਾਮ ਦੇ ਤਹਿਤ ਡਾਕਟਰੀ ਲਾਭਾਂ ਲਈ ਪ੍ਰਤੀ ਸਾਲ $10-ਮਿਲੀਅਨ ਡਾਲਰ ਦਾ ਫੰਡ ਵਧਾਇਆ ਗਿਆ ਹੈ, ਜੋ ਕਿ ਗੁੰਝਲਦਾਰ ਦੇਖਭਾਲ ਦੀਆਂ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ ਮੈਡੀਕਲ ਉਪਕਰਨ ਪ੍ਰਦਾਨ ਕਰਦਾ ਹੈ। [ਲੀਡ: ਮਿਨਿਸਟਰੀ ਔਫ ਚਿਲਡਰਨ ਐਂਡ ਫੈਮਲੀ ਡੇਵੇਲਪਮੈਂਟ]

- ਲਗਭਗ 2,000 ਵਾਧੂ ਬੱਚਿਆਂ ਲਈ ਸਮਾਵੇਸ਼ੀ ਚਾਈਲਡ ਕੇਅਰ ਨੂੰ ਸਮਰੱਥ ਬਣਾਉਣ ਲਈ ਸਪੋਰਟਿਡ ਚਾਇਲਡ ਡੇਵੇਲਪਮੈਂਟ ਐਂਡ ਅਬੋਰਿਜਨਲ ਸਪੋਰਟਿਡ ਚਾਇਲਡ ਡੇਵੇਲਪਮੈਂਟ ਪ੍ਰੋਗਰਾਮਾਂ ਤੱਕ ਪਹੁੰਚ ਵਿੱਚ ਵਾਧਾ ਕੀਤਾ। [ਲੀਡ: ਮਿਨਿਸਟਰੀਜ਼ ਔਫ ਚਿਲਡਰਨ ਐਂਡ ਫੈਮਲੀ ਡੇਵੇਲਪਮੈਂਟ ਐਂਡ ਐਜੁਕੇਸ਼ਨ ਐਂਡ ਚਾਇਲਡ ਕੇਅਰ]

- ਇਨਕਲੂਸਿਵ ਚਾਈਲਡਕੇਅਰ ਟੂਲਕਿੱਟ, ਇੱਕ ਉਪਭੋਗਤਾ-ਅਨੁਕੂਲ ਸਰੋਤ ਜਿਸਦਾ ਉਦੇਸ਼ ਪੂਰੇ ਬ੍ਰਿਟਿਸ਼ ਕੋਲੰਬੀਆ ਵਿੱਚ ਚਾਈਲਡ ਕੇਅਰ ਸੈਟਿੰਗਾਂ ਵਿੱਚ ਉੱਚ-ਗੁਣਵੱਤਾ, ਸੰਮਲਿਤ ਅਭਿਆਸਾਂ ਦਾ ਸਮਰਥਨ ਕਰਨਾ ਹੈ, ਲਾਂਚ ਕੀਤੀ। [ਲੀਡ: ਮਿਨਿਸਟਰੀ ਔਫ ਐਜੁਕੇਸ਼ਨ ਐਂਡ ਚਾਇਲਡ ਕੇਅਰ]

- ਫਾਊਂਡੇਸ਼ਨਜ਼ ਔਫ ਇਨਕਲੂਸਿਵ ਚਾਈਲਡ ਕੇਅਰ ਟਰੇਨਿੰਗ, 20-ਘੰਟੇ ਦਾ ਇੱਕ ਔਨਲਾਈਨ ਕੋਰਸ ਜੋ ਬਾਲ ਦੇਖਭਾਲ ਪ੍ਰਦਾਤਾਵਾਂ ਨੂੰ ਸੰਮਲਿਤ ਬਾਲ ਦੇਖਭਾਲ ਲਈ ਵਧੀ ਹੋਈ ਸਮਰੱਥਾ ਨੂੰ ਸਮਰਥਨ ਦੇਣ ਲਈ ਮੁਫਤ ਉਪਲਬਧ ਹੈ, ਦੀ ਸ਼ੁਰੂਆਤ ਕੀਤੀ। [ਲੀਡ: ਮਿਨਿਸਟਰੀ ਔਫ ਐਜੁਕੇਸ਼ਨ ਐਂਡ ਚਾਇਲਡ ਕੇਅਰ]

- ਲੈਂਗਲੀ, ਵਿਕਟੋਰੀਆ, ਕੇਲੋਨਾ, ਨੈਨਾਇਮੋ, ਪ੍ਰਿੰਸ ਜੋਰਜ ਅਤੇ ਰਿਚਮੰਡ ਵਿੱਚ ਏਮਪਲੋਏਮੈਂਟ ਸਟੈਂਡਰਡਜ਼ ਸ਼ਾਖਾ ਦਫ਼ਤਰਾਂ ਦੀ ਪਹੁੰਚਯੋਗਤਾ ਵਿੱਚ ਸੁਧਾਰ ਕੀਤਾ। ਸੁਧਾਰਾਂ ਵਿੱਚ ਸਵੈਚਲਿਤ ਡੋਰ ਓਪਨਰ ਅਤੇ ਫਰੰਟ ਕਾਊਂਟਰ ਡੈਸਕ ਦੀ ਘਟਾਈ ਗਈ ਉਚਾਈ ਸ਼ਾਮਲ ਹਨ [ਲੀਡ: ਮਿਨਿਸਟਰੀ ਔਫ ਲੇਬਰ]

- ਵਿਧਾਨਕ ਸੋਧਾਂ ਰਾਹੀਂ ਗਾਈਡ ਜਾਂ ਸਰਵਿਸ ਡੌਗ ਦੀ ਵਰਤੋਂ ਕਰਨ ਵਾਲੇ ਲੋਕਾਂ ਲਈ ਜਨਤਕ ਪਹੁੰਚ ਅਧਿਕਾਰਾਂ ਅਤੇ ਸੁਰੱਖਿਆ ਨੂੰ ਵਧਾਇਆ ਗਿਆ। [ਲੀਡ: ਪਬਲਿਕ ਸੇਫਟੀ ਐਂਡ ਸੌਲੀਸਿਟਰ ਜਨਰਲ]

- ਬੋਲ਼ੇ ਅਤੇ ਸੁਣਨ ਵਿੱਚ ਮੁਸ਼ਕਲ ਦੇ ਦ੍ਰਿਸ਼ਟੀਕੋਣ ਤੋਂ ਅਪਾਹਜਤਾ ਸਹਾਇਤਾ 'ਤੇ ਲੋਕਾਂ ਨੂੰ ਪੇਸ਼ ਕੀਤੀਆਂ ਜਾਣ ਵਾਲੀਆਂ ਸਹਾਇਤਾ ਅਤੇ ਸੇਵਾਵਾਂ ਦੀ ਪਹੁੰਚਯੋਗਤਾ ਵਿੱਚ ਸੁਧਾਰ ਕੀਤਾ ਗਿਆ। [ਲੀਡ: ਮਿਨਿਸਟਰੀ ਔਫ਼ ਸੋਸ਼ਲ ਡੇਵੇਲਪਮੈਂਟ ਐਂਡ ਪਾਵਰਟੀ ਰਿਡਕਸ਼ਨ]

- ਪਹੁੰਚਯੋਗ ਸੈਰ-ਸਪਾਟੇ ਵਿੱਚ ਵਧੇ ਹੋਏ ਨਿਵੇਸ਼ਾਂ ਦੇ ਨਤੀਜੇ ਵਜੋਂ ਪੂਰੇ ਸੂਬੇ ਵਿੱਚ 2020 ਤੋਂ 100 ਤੋਂ ਵੱਧ ਨਵੀਆਂ ਜਾਂ ਅੱਪਗ੍ਰੇਡ ਕੀਤੀਆਂ ਪਹੁੰਚਯੋਗ ਸੈਰ-ਸਪਾਟਾ ਸਹੂਲਤਾਂ ਹਨ। [ਲੀਡ: ਮਿਨਿਸਟਰੀ ਔਫ਼ ਟੂਰਿਜ਼ਮ, ਆਰਟਸ, ਕਲਚਰ ਐਂਡ ਸਪੋਰਟ]

## ਕੋਵਿਡ-19 'ਤੇ ਸਪੌਟਲਾਈਟ

ਮਾਰਚ 2020 ਤੋਂ, ਸਰਕਾਰ ਨੇ ਕੋਵਿਡ-19 ਦੇ ਜਵਾਬ ਵਿੱਚ ਅਜਿਹੇ ਉਪਾਅ ਪੇਸ਼ ਕੀਤੇ ਹਨ ਜੋ ਉਸ ਵੇਲੇ ਬ੍ਰਿਟਿਸ਼ ਕੋਲੰਬੀਆ ਦੇ ਅਪਾਹਜਤਾਵਾਂ ਵਾਲੇ ਲੋਕਾਂ ਦੀ ਸੂਚਿਤ, ਸਮਰਥਿਤ ਅਤੇ ਦੂਜਿਆਂ ਨਾਲ ਜੁੜੇ ਰਹਿਣ ਮਦਦ ਕਰ ਰਹੇ ਹਨ, ਜਦੋਂ ਉਹ ਸੇਵਾਵਾਂ ਦੀ ਮੰਗ ਕਰ ਰਹੇ ਹਨ। ਇਹ ਕੁਝ ਉਦਾਹਰਣਾਂ ਹਨ:

- ਆਮਦਨੀ ਅਤੇ ਅਪੰਗਤਾ ਸਹਾਇਤਾ ਪ੍ਰਾਪਤ ਕਰਨ ਵਾਲਿਆਂ ਲਈ ਅਸਥਾਈ ਆਮਦਨੀ ਪੂਰਕ ਪ੍ਰਦਾਨ ਕੀਤੇ ਹਨ। [ਲੀਡ: ਮਿਨਿਸਟਰੀ ਔਫ਼ ਸੋਸ਼ਲ ਡੇਵੇਲਪਮੈਂਟ ਐਂਡ ਪਾਵਰਟੀ ਰਿਡਕਸ਼ਨ]

- ਕੋਵਿਡ-19 ਅਤੇ ਇਸ ਤੋਂ ਬਾਅਦ ਦੇ ਦੌਰਾਨ ਵਰਚੁਅਲ ਸੇਵਾਵਾਂ ਪ੍ਰਦਾਨ ਕਰਨ ਦੀ ਸੂਬੇ ਦੀ ਯੋਗਤਾ ਨੂੰ ਬਿਹਤਰ ਬਣਾਉਣ ਲਈ ਵਰਚੁਅਲ ਮੀਟਿੰਗ ਤਕਨਾਲੋਜੀ (ਉਦਾਹਰਨ ਲਈ, ਜ਼ੂਮ) ਦੀ ਵਿਸਤ੍ਰਿਤ ਵਰਤੋਂ ਦਾ ਸਮਰਥਨ ਕੀਤਾ। [ਸਾਰੇ ਮੰਤਰਾਲੇ]
- K-12 ਸਿੱਖਿਆ 'ਤੇ ਮਹਾਂਮਾਰੀ ਦੇ ਪ੍ਰਭਾਵਾਂ ਦੀ ਪਛਾਣ ਕਰਨ ਲਈ ਬੀਸੀ ਸੈਂਟਰ ਫੌਰ ਡਿਜ਼ੀਜ਼ ਕੰਟ੍ਰੋਲ ਦੇ ਨਾਲ ਸਾਂਝੇਦਾਰੀ ਵਿੱਚ ਇੱਕ ਮੈਂਟਲ ਹੈਲਥ ਸਕੂਲ ਸਟਾਰਟ-ਅੱਪ ਵਰਕਿੰਗ ਗਰੁੱਪ ਦੀ ਸਥਾਪਨਾ ਕੀਤੀ ਅਤੇ ਸਕੂਲਾਂ ਲਈ ਇੱਕ ਸਹਾਇਕ ਸਰੋਤ ਵਿਕਸਿਤ ਕੀਤਾ। [ਲੀਡ: ਮਿਨਿਸਟਰੀ ਔਫ ਐਜੁਕੇਸ਼ਨ ਐਂਡ ਚਾਇਲਡ ਕੇਅਰ]

## ਸਟ੍ਰੌਂਗਰਬੀਸੀ 'ਤੇ ਸਪੌਟਲਾਈਟ: ਅੱਜ ਲਈ ਇੱਕ ਯੋਜਨਾ, ਕੱਲ੍ਹ ਲਈ ਸੁਪਨਾ

2022 ਦੇ ਸ਼ੁਰੂ ਵਿੱਚ ਜਾਰੀ ਕੀਤੀ ਗਈ, ਸਟ੍ਰੌਂਗਰਬੀਸੀ ਆਰਥਿਕ ਯੋਜਨਾ ਬੀ.ਸੀ. ਦੀ ਇੱਕ ਅਜਿਹੀ ਅਰਥਵਿਵਸਥਾ ਬਣਾਉਣ ਦੀ ਲੰਬੀ-ਅਵਧੀ ਯੋਜਨਾ ਹੈ ਜੋ ਸਾਰਿਆਂ ਲਈ ਕੰਮ ਕਰਦੀ ਹੈ। ਇਹ ਯੋਜਨਾ ਅਗਲੇ 10 ਸਾਲਾਂ ਵਿੱਚ ਹੁਨਰ ਸਿਖਲਾਈ ਵਿੱਚ ਨਿਵੇਸ਼ ਕਰਕੇ, ਲਚਕੀਲੇ ਭਾਈਚਾਰਿਆਂ ਦੇ ਨਿਰਮਾਣ ਅਤੇ ਬੀ.ਸੀ. ਨੂੰ ਘੱਟ-ਕਾਰਬਨ ਅਰਥਵਿਵਸਥਾ ਵਿੱਚ ਇੱਕ ਵਿਸ਼ਵ ਨੇਤਾ ਵਜੋਂ ਸਥਾਪਿਤ ਕਰਕੇ ਇੱਕ ਮਿਲਿਅਨ ਨੌਕਰੀਆਂ ਭਰਨ ਵਿੱਚ ਮਦਦ ਕਰਨ ਦੀ ਸ਼ੁਰੂਆਤ ਕਰਦੀ ਹੈ।

ਇਹ ਯੋਜਨਾ ਸੂਬੇ ਦੀ ਮਜ਼ਬੂਤ ਆਰਥਿਕ ਰਿਕਵਰੀ ਤੇ ਅਗੇ ਕੰਮ ਕਰਦੀ ਹੈ ਅਤੇ ਸੂਬੇ ਦੀਆਂ ਦੋ ਸਭ ਤੋਂ ਵੱਡੀਆਂ ਚੁਣੌਤੀਆਂ - ਅਸਮਾਨਤਾ ਅਤੇ ਜਲਵਾਯੂ ਤਬਦੀਲੀ ਨਾਲ ਨਜਿੱਠਣ ਦੀ ਸ਼ੁਰੂਆਤ ਕਰਕੇ ਬੀ.ਸੀ. ਨੂੰ ਅੱਗੇ ਵਧਾਉਂਦੀ ਹੈ।

ਅਸਮਾਨਤਾ ਨਾਲ ਨਜਿੱਠਣ ਦੀ ਸ਼ੁਰੂਆਤ ਕਰਕੇ, ਸੂਬਾ ਜੀਵਨ ਨੂੰ ਬਿਹਤਰ ਅਤੇ ਵਧੇਰੇ ਸੁਰੱਖਿਅਤ ਬਣਾਉਣ ਲਈ ਕਈ ਪਹਿਲਕਦਮੀਆਂ ਵਿੱਚ ਲੋਕਾਂ ਅਤੇ ਪਰਿਵਾਰਾਂ ਦਾ ਸਮਰਥਨ ਕਰ ਰਿਹਾ ਹੈ। ਇਹ ਯੋਜਨਾ ਇਹ ਯਕੀਨੀ ਬਣਾਏਗੀ ਕਿ ਘਰੇਲੂ ਆਮਦਨਾਂ ਹੋਰ ਵਧ ਖਰੀਦ ਸਕਣਗੀਆਂ ਅਤੇ ਰਵਾਇਤੀ ਤੌਰ 'ਤੇ ਘੱਟ-ਪ੍ਰਤੀਨਿਧਤਾ ਵਾਲੇ ਲੋਕਾਂ ਨੂੰ ਕੰਮ ਵਾਲੀ ਥਾਂ ਅਤੇ ਸਾਡੇ ਭਾਈਚਾਰਿਆਂ ਵਿੱਚ ਹੋਰ ਮੌਕਿਆਂ ਲਈ ਲੋੜੀਂਦੇ ਸਮਰਥਨ ਪ੍ਰਾਪਤ ਹੋਣਗੇ।

ਯੋਜਨਾ ਦੇ ਅਧੀਨ ਮਿਸ਼ਨਾਂ ਵਿੱਚੋਂ ਇੱਕ ਲੋਕਾਂ ਅਤੇ ਪਰਿਵਾਰਾਂ ਦੀ ਸਹਾਇਤਾ (Supporting People and Families) ਕਰਨਾ ਹੈ। ਇਸਦਾ ਮਤਲਬ ਹੈ:

- ਜੀਵਨ ਨੂੰ ਵਧੇਰੇ ਪਹੁੰਚਯੋਗ ਅਤੇ ਕਿਫਾਇਤੀ ਬਣਾਉਣ ਲਈ ਲੋਕਾਂ ਅਤੇ ਪਰਿਵਾਰਾਂ ਵਿੱਚ ਨਿਵੇਸ਼ ਕਰਨਾ
- ਪਹੁੰਚਯੋਗ ਸੇਵਾਵਾਂ - ਜਿਵੇਂ ਸਿਹਤ ਦੇਖਭਾਲ ਅਤੇ ਬਾਲ ਦੇਖਭਾਲ, ਪ੍ਰਦਾਨ ਕਰਨਾ
- ਸਿੱਖਿਆ ਅਤੇ ਸਿਖਲਾਈ ਲਈ ਪਹੁੰਚਯੋਗ ਮੌਕਿਆਂ ਦਾ ਵਿਸਤਾਰ ਕਰਨਾ

ਇੱਕ ਦੂਜੀ ਮਿਸ਼ਨ, ਲਚਕੀਲੇ ਭਾਈਚਾਰਿਆਂ ਦਾ ਨਿਰਮਾਣ ਕਰਨਾ (Building Resilient Communities), ਦਾ ਮਤਲਬ ਹੈ:

- ਜਲਵਾਯੂ ਅਤੇ ਅਰਥਵਿਵਸਥਾ ਵਿੱਚ ਤਬਦੀਲੀਆਂ ਲਈ ਲਚਕੀਲੇ ਆਧੁਨਿਕ, ਪਹੁੰਚਯੋਗ ਬੁਨਿਆਦੀ ਢਾਂਚੇ ਦੇ ਨਾਲ ਫੱਲਣ-ਫੁੱਲਣ ਵਿੱਚ ਭਾਈਚਾਰਿਆਂ ਦੀ ਮਦਦ ਕਰਨਾ
- ਕਿਫਾਇਤੀ, ਪਹੁੰਚਯੋਗ ਰਿਹਾਇਸ਼ਾਂ, ਨਵੇਂ ਸਕੂਲ ਅਤੇ ਹਸਪਤਾਲ ਬਣਾਉਣਾ

ਯਕੀਨੀ ਬਣਾਉਣਾ ਕਿ ਬੀ.ਸੀ. ਵਿੱਚ ਹਰ ਭਾਈਚਾਰੇ ਨੂੰ ਹਾਈ-ਸਪੀਡ ਇੰਟਰਨੈੱਟ ਤੱਕ ਪਹੁੰਚ ਹੈ

## ਡੈਕਲੇਰੇਸ਼ਨ ਔਨ ਦ ਰਾਈਟਸ ਔਫ਼ ਇੰਡੀਜਨਸ ਪੀਪਲਜ਼ ਐਕਟ (Declaration on the Rights of Indigenous Peoples Act) ਐਕਸ਼ਨ ਪਲਾਨ 'ਤੇ ਸਪੌਟਲਾਈਟ

ਮਾਰਚ 2022 ਵਿੱਚ, ਸਰਕਾਰ ਨੇ ਡੈਕਲੇਰੇਸ਼ਨ ਔਨ ਦ ਰਾਈਟਸ ਔਫ਼ ਇੰਡੀਜਨਸ ਪੀਪਲਜ਼ ਐਕਟ ਨੂੰ ਲਾਗੂ ਕਰਨ ਲਈ ਬੀ.ਸੀ. ਦੀ ਪੰਜ-ਸਾਲਾ ਕਾਰਜ ਯੋਜਨਾ ਜਾਰੀ ਕੀਤੀ। ਇਹ ਯੋਜਨਾ ਯੂਨਾਇਟੇਡ ਨੇਸ਼ਨਜ਼ ਡੈਕਲੇਰੇਸ਼ਨ ਔਨ ਦੀ ਰਾਈਟਸ ਔਫ਼ ਇੰਡੀਜਨਸ ਪੀਪਲਜ਼ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਲੰਬੇ ਸਮੇਂ ਦੇ ਸੁਪਨੇ ਦੀ ਰੂਪਰੇਖਾ ਦਿੰਦੀ ਹੈ।

ਮਿਨਿਸਟਰੀ ਔਫ ਇੰਡੀਜਨਸ ਰਿਲੇਸ਼ਨਜ਼ ਐਂਡ ਰੀਕਨਸਿਲੀਏਸ਼ਨ ਨੇ ਇੰਡੀਜਨਸ ਲੋਕਾਂ ਨਾਲ ਸਾਂਝੇਦਾਰੀ ਵਿੱਚ ਇਸ ਯੋਜਨਾ ਦੇ ਵਿਕਾਸ ਦੀ ਅਗਵਾਈ ਕੀਤੀ। ਇਸ ਯੋਜਨਾ ਵਿਚਲੇ ਟੀਚੇ, ਨਤੀਜੇ ਅਤੇ ਕਾਰਵਾਈਆਂ ਇੰਡੀਜਨਸ ਲੋਕਾਂ ਨਾਲ ਵਿਆਪਕ ਸਲਾਹ-ਮਸ਼ਵਰੇ ਅਤੇ ਸਹਿਯੋਗ ਦਾ ਨਤੀਜਾ ਹਨ।

ਪੂਰੀ ਸਰਕਾਰ ਇਸ ਯੋਜਨਾ ਵਿੱਚ 89 ਕਾਰਵਾਈਆਂ ਲਈ ਜ਼ਿੰਮੇਵਾਰੀ ਸਾਂਝੀ ਕਰਦੀ ਹੈ। ਇਹਨਾਂ ਕਾਰਵਾਈਆਂ ਵਿੱਚ ਐਕਸੈਸਿਬਲ ਬ੍ਰਿਟਿਸ਼ ਕੋਲੰਬੀਆ ਐਕਟ ਨੂੰ ਲਾਗੂ ਕਰਨ ਦੇ ਹਿੱਸੇ ਵਜੋਂ ਅਪਹਤਾਵਾਂ ਵਾਲੇ ਇੰਡਿਜਨਸ ਵਿਅਕਤੀਆਂ ਲਈ ਰੁਕਾਵਟਾਂ ਦੀ ਪਛਾਣ, ਉਨ੍ਹਾਂ ਦੀ ਰੋਕਥਾਮ ਅਤੇ ਉਨ੍ਹਾਂ ਨੂੰ ਦੂਰ ਕਰਨ ਵਿੱਚ ਸਹਾਇਤਾ ਕਰਨਾ ਸ਼ਾਮਲ ਹੈ। ਇਸ ਵਿੱਚ ਇਹ ਸੁਨਿਸ਼ਚਿਤ ਕਰਨਾ ਸ਼ਾਮਲ ਹੈ ਕਿ ਪਹੁੰਚਯੋਗਤਾ ਮਿਆਰਾਂ ਦਾ ਵਿਕਾਸ ਸੰਯੁਕਤ ਰਾਸ਼ਟਰ ਘੋਸ਼ਣਾ ਪੱਤਰ ਦੁਆਰਾ ਮਾਨਤਾ ਪ੍ਰਾਪਤ ਅਤੇ ਪੁਸ਼ਟੀ ਕੀਤੇ ਅਧਿਕਾਰਾਂ ਨੂੰ ਧਿਆਨ ਵਿੱਚ ਰੱਖਦਾ ਹੈ।

## ਹੋਰ ਸਰਕਾਰੀ ਯੋਜਨਾਵਾਂ 'ਤੇ ਸਪੌਟਲਾਈਟ

ਕਈ ਹੋਰ ਸਰਕਾਰੀ ਪਹਿਲਕਦਮੀਆਂ ਪਹੁੰਚਯੋਗਤਾ ਰੁਕਾਵਟਾਂ ਨੂੰ ਹੱਲ ਕਰਨ ਲਈ ਚੱਲ ਰਹੇ ਕੰਮ ਦੀਆਂ ਪੂਰਕ ਹਨ। ਹੋਰ ਸੰਬੰਧਿਤ ਅੰਤਰ-ਸਰਕਾਰੀ ਪਹਿਲਕਦਮੀਆਂ ਵਿੱਚ ਸ਼ਾਮਲ ਹਨ:

- **ਟੁਗੈਦਰਬੀਸੀ (TogetherBC):** 2019 ਵਿੱਚ ਸ਼ੁਰੂ ਕੀਤੀ ਗਈ ਬੀਸੀ ਦੀ ਸਭ ਤੋਂ ਪਹਿਲੀ ਗਰੀਬੀ ਘਟਾਉਣ ਦੀ ਰਣਨੀਤੀ ਸਮੁੱਚੀ ਗਰੀਬੀ ਅਤੇ ਬਾਲ ਗਰੀਬੀ ਦੋਵਾਂ ਨੂੰ ਘਟਾਉਣ ਦੇ ਟੀਚਿਆਂ ਨਾਲ ਪੇਸ਼ ਕੀਤੀ ਗਈ ਸੀ।

- **ਜਿੱਥੇ ਅਸੀਂ ਸਾਰੇ ਸਬੰਧਤ ਹਾਂ: ਵਿਭਿੰਨਤਾ ਅਤੇ ਸ਼ਮੂਲੀਅਤ ਰਣਨੀਤੀ ((Where We All Belong: Diversity and Inclusion Strategy):** ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੀ ਹੈ ਕਿ ਬੀਸੀ ਪਬਲਿਕ ਸਰਵਿਸ ਸਾਡੇ ਸੂਬੇ ਨੂੰ ਦਰਸਾਉਂਦੀ ਹੈ ਅਤੇ ਇੰਡਿਜਨਸ ਲੋਕਾਂ, ਘੱਟ ਗਿਣਤੀ ਵਾਲੇ ਭਾਈਚਾਰਿਆਂ, ਪ੍ਰਵਾਸੀਆਂ, ਅਪਾਹਜਤਾਵਾਂ ਵਾਲੇ ਵਿਅਕਤੀਆਂ, ਅਤੇ LGBTQ2S + ਭਾਈਚਾਰੇ ਨੂੰ ਸ਼ਾਮਲ ਕਰਦੀ ਹੈ।

- **ਕਲੀਨ ਬੀਸੀ ਦੀ ਐਕਟਿਵ ਟ੍ਰਾਂਪੋਰਟੇਸ਼ਨ ਸਟ੍ਰੈਟੇਜੀ (Active Transportation Strategy):** ਐਕਟਿਵ ਟ੍ਰਾਂਸਪੋਰਟੇਸ਼ਨ ਸਟ੍ਰੈਟੇਜੀ ਉਹਨਾਂ ਸਰਗਰਮ ਆਵਾਜਾਈ ਨੈਟਵਰਕਾਂ ਨੂੰ

ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰਦੀ ਹੈ ਜੋ ਸਭ ਲਈ ਸੁਰੱਖਿਅਤ, ਪਹੁੰਚਯੋਗ ਅਤੇ ਸੁਵਿਧਾਜਨਕ ਹਨ।

- **ਏ ਪਾਥਵੇਅ ਟੂ ਹੋਪ: ਮੈਂਟਲ ਹੈਲਥ ਐਂਡ ਅਡਿਕਸ਼ਨਜ਼ ਸਟ੍ਰੈਟੇਜੀ) (A Pathway to Hope: Mental Health and Addictions Strategy):** ਏ ਪਾਥਵੇਅ ਟੂ ਹੋਪ ਬੀ.ਸੀ. ਵਿੱਚ ਲੋਕਾਂ ਲਈ ਮਾਨਸਿਕ ਸਿਹਤ ਅਤੇ ਨਸ਼ਿਆਂ ਸੰਬੰਧੀ ਦੇਖਭਾਲ ਨੂੰ ਬਿਹਤਰ ਬਣਾਉਣ ਲਈ ਇੱਕ ਰੋਡਮੈਪ ਸਥਾਪਤ ਕਰਦਾ ਹੈ।

# ਅੱਗੇ ਵਧਦੇ ਹੋਏ: 2022/25 ਲਈ ਸਾਡੀਆਂ ਪ੍ਰਾਥਮਿਕਤਾਵਾਂ

ਇਹ ਭਾਗ 2022/23 ਤੋਂ 2024/25 ਤੱਕ ਪਹੁੰਚਯੋਗਤਾ ਵਧਾਉਣ ਲਈ ਸਰਕਾਰੀ ਪ੍ਰਾਥਮਿਕਤਾਵਾਂ ਨੂੰ ਸੂਚੀਬੱਧ ਕਰਦਾ ਹੈ। 'ਸਾਡੇ ਤੋਂ ਬਿਨਾਂ, ਸਾਡੇ ਬਾਰੇ ਕੁਝ ਨਹੀਂ' ਦੀ ਭਾਵਨਾ ਨਾਲ ਸਰਕਾਰ ਇਹ ਯਕੀਨੀ ਬਣਾਉਣ ਲਈ ਕਿ ਇਹ ਪ੍ਰਾਥਮਿਕਤਾਵਾਂ ਅਪਾਹਜਤਾਵਾਂ ਵਾਲੇ ਲੋਕਾਂ ਦੇ ਜੀਵਨ ਅਨੁਭਵ ਨਾਲ ਮੇਲ ਖਾਂਦੀਆਂ ਹਨ, ਅਪਾਹਜਤਾਵਾਂ ਵਾਲੇ ਲੋਕਾਂ ਅਤੇ ਪ੍ਰੋਵਿੰਸ਼ੀਅਲ ਐਕਸੈਸਬਿਲਟੀ ਕਮੇਟੀ ਦੇ ਸਹਿਯੋਗ ਨਾਲ ਕੰਮ ਕਰਨ ਲਈ ਵਚਨਬੱਧ ਹੈ।

### ਪ੍ਰਾਥਮਿਕਤਾ 1: ਪਹੁੰਚਯੋਗਤਾ ਅਤੇ ਸਮਾਵੇਸ਼ ਦਾ ਸੱਭਿਆਚਾਰ ਬਣਾਉਣਾ

ਅਸੀਂ ਪਹੁੰਚਯੋਗਤਾ ਅਤੇ *ਐਕਸੈਸਿਬਲ ਬੀ.ਸੀ. ਐਕਟ* ਬਾਰੇ ਜਾਗਰੂਕਤਾ ਵਧਾਉਣ ਲਈ ਸੂਬੇ ਭਰ ਦੇ ਭਾਈਵਾਲਾਂ ਨਾਲ ਕੰਮ ਕਰਨਾ, ਅਤੇ ਅਪਾਹਜਤਾਵਾਂ ਵਾਲੇ ਲੋਕਾਂ ਨੂੰ ਦਰਪੇਸ਼ ਰਵੱਈਏ ਸੰਬੰਧੀ ਰੁਕਾਵਟਾਂ ਨੂੰ ਚੁਣੌਤੀ ਦੇਣ ਲਈ ਸ਼ਾਮਲ ਕਰਨ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਵਾਸਤੇ ਸਰਕਾਰ ਦੇ ਅੰਦਰ ਸਮਰੱਥਾ ਦਾ ਨਿਰਮਾਣ ਕਰਨਾ ਜਾਰੀ ਰੱਖਾਂਗੇ। ਪ੍ਰਾਥਮਿਕਤਾਵਾਂ ਵਿੱਚ ਸ਼ਾਮਲ ਹਨ:

- ਇਹ ਮੁਲਾਂਕਣ ਕਰਨ ਲਈ ਲਿੰਗ ਅਧਾਰਤ ਵਿਸ਼ਲੇਸ਼ਣ ਪਲੱਸ ਲੈਂਸ (GBA +) ਲਾਗੂ ਕਰਨਾ ਕਿ ਵਿਭਿੰਨ ਸਮੂਹ ਸਰਕਾਰੀ ਨੀਤੀਆਂ, ਪ੍ਰੋਗਰਾਮਾਂ ਅਤੇ ਪਹਿਲਕਦਮੀਆਂ ਦਾ ਅਨੁਭਵ ਕਿਵੇਂ ਕਰ ਸਕਦੇ ਹਨ।[ਲੀਡ: ਮਿਨਿਸਟਰੀ ਔਫ ਫਾਈਨੈਂਸ]

- ਐਕਸੈਸਅਬਿਲਟੀ ਵੀਕ (ਮਈ/ਜੂਨ), ਡਿਸਅਬਿਲਟੀ ਏਮਪਲੌਏਮੈਂਟ ਅਵੇਅਰਨੈਸ ਮੰਥ (ਸਤੰਬਰ), ਰਜਿਸਟਰਡ ਡਿਸਅਬਿਲਟੀ ਸੇਵਿੰਗਜ਼ ਪਲਾਨ ਅਵੇਅਰਨੈਸ ਮੰਥ (ਅਕਤੂਬਰ), ਇੰਡਿਜਨਸ ਡਿਸਅਬਿਲਟੀ ਅਵੇਅਰਨੈਸ ਮੰਥ (ਨਵੰਬਰ) ਅਤੇ ਇੰਟਰਨੈਸ਼ਨਲ ਡੇ ਔਫ ਪਰਸਨਜ਼ ਵਿਦ ਡਿਸਅਬਿਲਟੀਜ਼ (3 ਦਸੰਬਰ) ਸਮੇਤ ਜਾਗਰੂਕਤਾ-ਉਸਾਰਿਤ ਕਰਨ ਵਾਲੇ ਸਮਾਗਮ ਡਿਲਿਵਰ

ਕਰਨ ਅਤੇ ਉਨ੍ਹਾਂ ਵਿੱਚ ਭਾਗ ਲੈਣ ਲਈ ਸਟਾਫ਼ ਨੂੰ ਉਤਸ਼ਾਹਿਤ ਕਰਨਾ। [ਲੀਡ: ਪਬਲਿਕ ਸਰਵਿਸ ਏਜੰਸੀ]

- ਜਾਗਰੂਕਤਾ ਪੈਦਾ ਕਰਨ, ਪਹੁੰਚਯੋਗਤਾ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਅਤੇ ਪਬਲਿਕ ਸਰਵਿਸ ਏਜੰਸੀ ਅਤੇ ਏਜੰਸੀ ਦੇ ਨੁਮਾਇੰਦਿਆਂ ਲਈ ਹੋਰ ਪਹੁੰਚਯੋਗ ਸੇਵਾਵਾਂ ਪ੍ਰਦਾਨ ਕਰਨ ਵਾਸਤੇ ਸਮਰੱਥਾ ਨੂੰ ਵਧਾਉਣ ਲਈ ਬੀਈਂਗ ਐਕਸੈਸਿਬਲ ਸਟ੍ਰੈਟੇਜੀ ਵਿਕਸਿਤ ਕਰਨਾ। [ਲੀਡ: ਪਬਲਿਕ ਸਰਵਿਸ ਏਜੰਸੀ]

- ਏਮਪਲੋਈ ਐਕਸੈਸਬਿਲਟੀ ਅਜਵਾਈਜ਼ਰੀ ਕੌਂਸਲ ਅਤੇ ਐਕਸੈਸਬਿਲਟੀ ਕਮਿਊਨਿਟੀ ਔਫ ਪ੍ਰੈਕਟਿਸ ਦੁਆਰਾ ਜਨਤਕ ਸੇਵਾ ਵਿੱਚ ਪਹੁੰਚਯੋਗਤਾ ਲੀਡਰਸ਼ਿਪ ਦਾ ਸਮਰਥਨ ਕਰਨਾ। ਇਹਨਾਂ ਸਮੂਹਾਂ ਦੇ ਮੈਂਬਰਾਂ ਵਿੱਚ ਜਨਤਕ ਸੇਵਕ ਸ਼ਾਮਲ ਹਨ ਜੋ ਪਹੁੰਚਯੋਗਤਾ ਅਤੇ ਸਮਾਵੇਸ਼ ਲਈ ਸਭ ਤੋਂ ਵਧੀਆ ਅਭਿਆਸਾਂ 'ਤੇ ਆਧੁਨਿਕ ਰਹਿਣ ਵਿੱਚ ਦਿਲਚਸਪੀ ਰੱਖਦੇ ਹਨ। [ਲੀਡ: ਪਬਲਿਕ ਸਰਵਿਸ ਏਜੰਸੀ ਅਤੇ ਮਿਨਿਸਟਰੀ ਔਫ ਸਿਟਿਜ਼ਨਜ਼ ਸਰਵਿਸਿਜ਼]

## ਜੈਂਡਰ ਇਕੁਇਟੀ ਆਫਿਸ 'ਤੇ ਸਪੌਟਲਾਈਟ

- ਲਿੰਗ ਸੰਬੰਧੀ ਬਰਾਬਰੀ ਉਹਨਾਂ ਰੁਕਾਵਟਾਂ ਨੂੰ ਦੂਰ ਕਰਨ ਬਾਰੇ ਹੈ ਜੋ ਲੋਕਾਂ ਨੂੰ ਉਹਨਾਂ ਦੀ ਪੂਰੀ ਸਮਰੱਥਾ ਤੱਕ ਪਹੁੰਚਣ ਤੋਂ ਰੋਕਦੀਆਂ ਹਨ। ਬਹੁਤ ਵਾਰ, ਔਰਤਾਂ ਅਤੇ ਲਿੰਗ ਵਿਭਿੰਨ ਲੋਕ ਬੇਇਨਸਾਫ਼ੀ ਦਾ ਅਨੁਭਵ ਕਰਦੇ ਹਨ। ਇਹ ਵਿਸ਼ੇਸ਼ ਤੌਰ 'ਤੇ ਸੱਚ ਹੈ ਜਦੋਂ ਉਹ ਗਰੀਬੀ, ਨਸਲਵਾਦ, ਕਾਬਲੀਅਤ ਅਤੇ/ਜਾਂ ਹੋਮੋਫੋਬੀਆ ਅਤੇ ਟ੍ਰਾਂਸਫੋਬੀਆ ਸਮੇਤ ਅਨਿਆਂ ਅਤੇ ਪ੍ਰਣਾਲੀਗਤ ਅੱਤਿਆਚਾਰ ਨਾਲ ਵੀ ਸੰਘਰਸ਼ ਕਰਦੇ ਹਨ।
- ਜਦੋਂ ਬ੍ਰਿਟਿਸ਼ ਕੋਲੰਬੀਆ ਦੇ ਸਾਰੇ ਲੋਕ - ਉਹਨਾਂ ਦੇ ਲਿੰਗ, ਨਸਲ, ਵਰਗ, ਜਿਨਸੀ ਝੁਕਾਅ ਜਾਂ ਯੋਗਤਾ ਦੀ ਪਰਵਾਹ ਕੀਤੇ ਬਿਨਾਂ - ਆਪਣੀ ਪੂਰੀ ਸਮਰੱਥਾ ਤੱਕ ਪਹੁੰਚ ਸਕਦੇ ਹਨ, ਤਾਂ ਸਾਡੇ ਭਾਈਚਾਰੇ ਅਤੇ ਅਰਥਵਿਵਸਥਾ ਹਰ ਕਿਸੇ ਲਈ ਮਜ਼ਬੂਤ, ਬਿਹਤਰ ਸਥਾਨ ਹੁੰਦੇ ਹਨ।
- ਜੈਂਡਰ ਇਕੁਇਟੀ ਆਫਿਸ:

- ਇਹ ਯਕੀਨੀ ਬਣਾਉਂਦਾ ਹੈ ਕਿ ਲਿੰਗ ਸੰਬੰਧੀ ਬਰਾਬਰੀ ਪ੍ਰਤੀ ਸਰਕਾਰ ਦੀ ਵਚਨਬੱਧਤਾ ਸਰਕਾਰ ਦੇ ਬਜਟਾਂ, ਨੀਤੀਆਂ ਅਤੇ ਪ੍ਰੋਗਰਾਮਾਂ ਵਿੱਚ ਪ੍ਰਤੀਬਿੰਬਤ ਹੁੰਦੀ ਹੈ।

ਲਿੰਗ ਸੰਬੰਧੀ ਬਰਾਬਰੀ ਅਤੇ ਔਰਤਾਂ ਦੀ ਤਰੱਕੀ ਨਾਲ ਸਬੰਧਤ ਸੰਸਥਾਵਾਂ ਲਈ ਸਰਕਾਰ ਦੇ ਸੰਪਰਕ ਵਜੋਂ ਕੰਮ ਕਰਦਾ ਹੈ।

## ਪ੍ਰਾਥਮਿਕਤਾ 2: ਜਾਣਕਾਰੀ ਅਤੇ ਸੰਚਾਰ

ਅਜਿਹੇ ਵੈੱਬਪੰਨਿਆਂ ਨੂੰ ਡਿਜ਼ਾਈਨ ਕਰਨਾ ਜਿਨ੍ਹਾਂ ਨੂੰ ਸਕ੍ਰੀਨ ਰੀਡਰਾਂ ਦੁਆਰਾ ਪੜ੍ਹਿਆ ਨਹੀਂ ਜਾ ਸਕਦਾ ਜਾਂ ਅਮਰੀਕੀ ਸਾਇਨ ਲੈਂਗੁਏਜ (ASL) ਵਿੱਚ ਜਾਣਕਾਰੀ ਉਪਲਬਧ ਨਾ ਹੋਣਾ ਪਹੁੰਚਯੋਗਤਾ ਵਿੱਚ ਰੁਕਾਵਟਾਂ ਦੀਆਂ ਉਦਾਹਰਣਾਂ ਹਨ। ਅਸੀਂ ਇਹ ਯਕੀਨੀ ਬਣਾਉਣ ਲਈ ਕਦਮ ਚੁੱਕਾਂਗੇ ਕਿ ਅਪਾਹਜਤਾਵਾਂ ਵਾਲੇ ਵਿਅਕਤੀ ਬ੍ਰਿਟਿਸ਼ ਕੋਲੰਬੀਆ ਸਰਕਾਰ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਅਤੇ ਸੰਚਾਰਾਂ ਨੂੰ ਪ੍ਰਾਪਤ ਕਰ ਸਕਣ ਅਤੇ ਸਮਝ ਸਕਣ। ਪ੍ਰਾਥਮਿਕਤਾਵਾਂ ਵਿੱਚ ਸ਼ਾਮਲ ਹਨ:

- ਨਿਆਂ ਲਈ ਵਰਚੁਅਲ ਸੇਵਾ ਪੇਸ਼ਕਸ਼ਾਂ ਦੀ ਗਿਣਤੀ ਨੂੰ ਵਧਾਉਣਾ (ਉਦਾਹਰਨ ਲਈ, ਇੰਡਿਜਨਸ ਭਾਈਚਾਰਿਆਂ ਲਈ ਵਰਚੁਅਲ ਇੰਡਿਜਨਸ ਜਸਟਿਸ ਸੈਂਟਰ ਤੱਕ ਪਹੁੰਚ)ਅਤੇ ਹਾਊਸਿੰਗ-ਸਬੰਧਤ ਸੇਵਾਵਾਂ (ਉਦਾਹਰਨ ਲਈ, ਕਿਰਾਏਦਾਰਾਂ ਅਤੇ ਮਕਾਨ ਮਾਲਕਾਂ ਵਿਚਕਾਰ ਹਾਊਸਿੰਗ ਵਿਵਾਦ ਨਿਪਟਾਰਾ ਸੇਵਾਵਾਂ ਲਈ ਇੱਕ ਪੂਰੀ ਤਰ੍ਹਾਂ ਡਿਜੀਟਲ ਇਨਟੇਕ ਪ੍ਰਕਿਰਿਆ ਦੀ ਸਿਰਜਣਾ)। [ਲੀਡ: ਮਿਨਿਸਟਰੀ ਔਫ ਅਟੌਰਨੀ ਜਨਰਲ ਅਤੇ ਹਾਊਸਿੰਗ ਲਈ ਜ਼ਿੰਮੇਵਾਰ ਮੰਤਰੀ]
- 2027 ਤੱਕ ਸੂਬੇ ਦੇ ਬਾਕੀ ਸਾਰੇ ਦਿਹਾਤੀ ਪਰਿਵਾਰਾਂ ਨੂੰ ਹਾਈ-ਸਪੀਡ ਇੰਟਰਨੈੱਟ ਨਾਲ ਕਨੈਕਟ ਕਰਨ ਲਈ ਕੈਨੇਡਾ ਸਰਕਾਰ ਦੇ ਨਾਲ ਫੰਡਿੰਗ ਸਾਂਝੀਦਾਰੀ। [ਲੀਡ: ਮਿਨਿਸਟਰੀ ਔਫ ਸਿਟਿਜ਼ਨਜ਼ ਸਰਵਿਸਿਜ਼]

- ਸਰਕਾਰੀ ਔਨਲਾਈਨ ਜਨਤਕ ਸੇਵਾਵਾਂ ਅਤੇ ਵੈਬਪੰਨਿਆਂ ਨੂੰ ਹੋਰ ਸੁਚਾਰੂ ਅਤੇ ਪਹੁੰਚਯੋਗ ਬਣਾਉਣ ਲਈ ਮੁੜ ਡਿਜ਼ਾਈਨ ਕਰਨਾ। ਯਕੀਨੀ ਬਣਾਉਣਾ ਕਿ ਸਰਕਾਰੀ ਵੈੱਬਸਾਈਟਾਂ ਵੈੱਬ

ਕਨਟੈਂਟ ਐਕਸੈਸਬਿਲਟੀ ਗਾਇਡਲਾਈਨਾਂ, ਲੈਵਲ AA ਨੂੰ ਪੂਰਾ ਕਰਦੀਆਂ ਹਨ। [ਲੀਡ: ਮਿਨਿਸਟਰੀ ਔਫ ਸਿਟਿਜ਼ਨਜ਼ ਸਰਵਿਸਿਜ਼]

- ਬੀਸੀ ਸਰਵਿਸਿਜ਼ ਕਾਰਡ, ਜੋ ਬੀ.ਸੀ. ਵਸਨੀਕਾਂ ਲਈ ਸਰਕਾਰੀ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਦਾ ਹੈ, ਦੀ ਪਛਾਣ ਤਸਦੀਕ ਪ੍ਰਕਿਰਿਆ ਵਿੱਚ ਰੁਕਾਵਟਾਂ ਨੂੰ ਦੂਰ ਕਰਨਾ।[ਲੀਡ: ਮਿਨਿਸਟਰੀ ਔਫ ਸਿਟਿਜ਼ਨਜ਼ ਸਰਵਿਸਿਜ਼]

- ਸਮੱਗਰੀ ਨੂੰ ਸਧਾਰਨ ਭਾਸ਼ਾ ਵਿੱਚ ਮੁੜ-ਫਾਰਮੈਟ ਕਰਨ ਅਤੇ ਅੱਪਡੇਟ ਕਰਨ ਸਮੇਤ, ਬੀਸੀ ਪਾਰਕਸ ਬਾਰੇ ਜਨਤਕ ਜਾਣਕਾਰੀ ਦੀ ਪਹੁੰਚ ਵਿੱਚ ਸੁਧਾਰ ਕਰਨਾ। [ਲੀਡ: ਮਿਨਿਸਟਰੀ ਔਫ ਇਨਵਾਇਰਨਮੈਂਟ ਐਂਡ ਕਲਾਈਮੇਟ ਸਟ੍ਰੈਟੇਜੀ]

- ਸਥਾਨਕ ਸਰਕਾਰਾਂ ਦੇ ਜਨਤਕ ਨੋਟਿਸਾਂ ਲਈ ਲੋੜਾਂ ਦਾ ਆਧੁਨਿਕੀਕਰਨ ਕਰਨਾ ਤਾਂਕਿ ਉਹ ਆਪਣੇ ਭਾਈਚਾਰਿਆਂ ਵਿੱਚ ਸਭ ਤੋਂ ਵੱਧ ਲੋਕਾਂ ਤੱਕ ਪਹੁੰਚਦੇ ਹਨ। [ਲੀਡ: ਮਿਨਿਸਟਰੀ ਔਫ ਮਿਉਂਸੀਪਲ ਅਫੇਅਰਜ਼]

- ਉਪਲਬਧ ਸੰਖਿਆਵਾਂ ਅਤੇ ਫਾਰਮੈਟਾਂ ਨੂੰ ਵਧਾ ਕੇ ਪਬਲਿਕ ਲਾਇਬ੍ਰੇਰੀ ਸੰਗ੍ਰਹਿਾਂ ਦੇ ਵਾਧੇ ਦਾ ਸਮਰਥਨ ਕਰਨਾ ਅਤੇ ਲਾਇਬ੍ਰੇਰੀਆਂ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਦੇ ਮੌਕਿਆਂ ਦੀ ਭਾਲ ਕਰਨਾ [ਲੀਡ: ਮਿਨਿਸਟਰੀ ਔਫ ਮਿਉਂਸੀਪਲ ਅਫੇਅਰਜ਼]

- ਅਪਾਹਜਤਾਵਾਂ ਵਾਲੇ ਲੋਕਾਂ ਦੀਆਂ ਲੋੜਾਂ 'ਤੇ ਵਿਚਾਰ ਕਰਨ ਲਈ ਐਮਰਜੈਂਸੀ ਯੋਜਨਾਵਾਂ ਦੇ ਡਿਜ਼ਾਈਨ ਨੂੰ ਬਿਹਤਰ ਬਣਾਉਣ ਲਈ ਫਸਟ ਨੇਸ਼ਨਜ਼ ਅਤੇ ਸਥਾਨਕ ਸਰਕਾਰਾਂ ਨਾਲ ਕੰਮ ਕਰਨਾ। [ਲੀਡ: ਮਿਨਿਸਟਰੀ ਔਫ ਪਬਲਿਕ ਸੇਫਟੀ ਐਂਡ ਸੌਲੀਸਿਟਰ ਜਨਰਲ: ਐਮਰਜੈਂਸੀ ਮੈਨੇਜਮੈਂਟ ਬੀਸੀ]

- ਆਮਦਨ ਅਤੇ ਅਪੰਗਤਾ ਸੰਬੰਧੀ ਸਹਾਇਤਾ ਪ੍ਰਾਪਤ ਕਰਨ ਵਾਲੇ ਲੋਕਾਂ ਦੁਆਰਾ ਵਰਤੇ ਜਾਣ ਵਾਲੇ ਔਨਲਾਈਨ ਮਾਏ ਸੈਲਫ ਸਰਵ (MySelf Serve) ਪੋਰਟਲ ਦੀ ਪਹੁੰਚਯੋਗਤਾ ਵਿੱਚ ਸੁਧਾਰ ਕਰਨਾ। [ਲੀਡ: ਮਿਨਿਸਟਰੀ ਔਫ਼ ਸੋਸ਼ਲ ਡੇਵੇਲਪਮੈਂਟ ਐਂਡ ਪਾਵਰਟੀ ਰਿਡਕਸ਼ਨ]

## ਪ੍ਰਾਥਮਿਕਤਾ 3: ਇਮਾਰਤਾਂ, ਬੁਨਿਆਦੀ ਢਾਂਚਾ ਅਤੇ ਜਨਤਕ ਥਾਂਵਾਂ

ਕਰਬ ਕੱਟਾਂ, ਆਟੋਮੈਟਿਕ ਡੋਰ ਓਪਨਰਾਂ, ਐਲੀਵੇਟਰਾਂ ਜਾਂ ਮੱਧਮ ਰੋਸ਼ਨੀ ਦੀ ਘਾਟ, ਅਪਾਹਜਤਾਵਾਂ ਵਾਲੇ ਲੋਕਾਂ ਲਈ ਇਮਾਰਤਾਂ ਨੂੰ ਨੈਵੀਗੇਟ ਕਰਨਾ ਮੁਸ਼ਕਲ ਬਣਾ ਸਕਦੀ ਹੈ। ਅਸੀਂ ਸਰਕਾਰੀ ਇਮਾਰਤਾਂ, ਦਫ਼ਤਰਾਂ ਅਤੇ ਜਨਤਕ ਥਾਵਾਂ ਨੂੰ ਵਧੇਰੇ ਪਹੁੰਚਯੋਗ ਬਣਾਉਣ ਲਈ ਕੰਮ ਕਰਨਾ ਜਾਰੀ ਰੱਖਾਂਗੇ। ਪ੍ਰਾਥਮਿਕਤਾਵਾਂ ਵਿੱਚ ਸ਼ਾਮਲ ਹਨ:

- ਰੀਟਰੋਫਿਟ ਕਰਨਾ ਅਤੇ ਅਦਾਲਤਾਂ ਦੀ ਪਹੁੰਚਯੋਗਤਾ ਨੂੰ ਵਧਾਉਣਾ ਜਾਰੀ ਰੱਖਣਾ। [ਲੀਡ: ਮਿਨਿਸਟਰੀ ਔਫ ਅਟੌਰਨੀ ਜਨਰਲ ਅਤੇ ਹਾਊਸਿੰਗ ਲਈ ਜ਼ਿੰਮੇਵਾਰ ਮੰਤਰੀ]

- ਬੀਸੀ ਰਿਬੇਟ ਫੌਰ ਐਕਸੇਸੀਬਲ ਹੋਮ ਅਡੈਪਟੇਸ਼ਨਜ਼ (BC Rebate for Accessible Home Adaptations)ਰਾਹੀਂ ਅਪਾਹਜਤਾਵਾਂ ਵਾਲੇ ਲੋਕਾਂ ਨੂੰ ਪਹੁੰਚਯੋਗਤਾ ਨੂੰ ਬਿਹਤਰ ਬਣਾਉਣ ਲਈ ਉਨ੍ਹਾਂ ਦੇ ਘਰਾਂ ਨੂੰ ਅਨੁਕੂਲ ਬਣਾਉਣ ਵਾਸਤੇ ਸਹਾਇਤਾ ਪ੍ਰਦਾਨ ਕਰਨਾ। [ਲੀਡ: ਮਿਨਿਸਟਰੀ ਔਫ ਅਟੌਰਨੀ ਜਨਰਲ ਅਤੇ ਹਾਊਸਿੰਗ ਲਈ ਜ਼ਿੰਮੇਵਾਰ ਮੰਤਰੀ]

- ਸਰਕਾਰੀ ਥਾਵਾਂ ਦੀ ਪਹੁੰਚ ਨੂੰ ਵਧਾਉਣ ਲਈ ਨਿਵੇਸ਼ਾਂ ਦੀ ਪਛਾਣ ਕਰਨਾ, ਉਨ੍ਹਾਂ ਨੂੰ ਤਰਜੀਹ ਦੇਣਾ, ਯੋਜਨਾ ਬਣਾਉਣਾ ਅਤੇ ਲਾਗੂ ਕਰਨਾ। ਵਾਸ਼ਰੂਮਾਂ ਤੱਕ ਬਿਹਤਰ ਪਹੁੰਚ ਅਤੇ ਸਮਾਵੇਸ਼ ਇਸ ਕੰਮ ਦਾ ਫੋਕਸ ਹੋਣਗੇ। [ਲੀਡ: ਮਿਨਿਸਟਰੀ ਔਫ ਸਿਟਿਜ਼ਨਜ਼ ਸਰਵਿਸਿਜ਼]

- ਸਾਰੇ ਫਰੰਟ ਕੰਟਰੀ ਪਾਰਕਾਂ ਵਿੱਚ ਪਹੁੰਚਯੋਗਤਾ ਅੱਪਗਰੇਡਾਂ 'ਤੇ ਕੰਮ ਕਰਨਾ ਅਤੇ ਅਨੁਕੂਲ ਸਾਜ਼ੋ-ਸਾਮਾਨ (ਉਦਾਹਰਨ ਲਈ, ਟ੍ਰੇਲ ਰਾਈਡਰਜ਼, ਮੋਬੀ-ਮੈਟਸ, ਹੈਂਡਸਾਈਕਲਾਂ ਜਾਂ ਅਨੁਕੂਲ

ਕਾਇਆਕਾਂ) ਖਰੀਦਣ ਲਈ ਕਮਿਊਨਿਟੀ ਸਮੂਹਾਂ ਨਾਲ ਭਾਈਵਾਲੀ ਕਰਨਾ। [ਲੀਡ: ਮਿਨਿਸਟਰੀ ਔਫ ਇਨਵਾਇਰਨਮੈਂਟ ਐਂਡ ਕਲਾਈਮੇਟ ਸਟ੍ਰੈਟੇਜੀ]

- ਖਰੀਦ ਨੀਤੀਆਂ ਅਤੇ ਅਭਿਆਸਾਂ ਵਿੱਚ ਪਹੁੰਚਯੋਗਤਾ ਮਾਪਦੰਡਾਂ ਨੂੰ ਸ਼ਾਮਲ ਕਰਨ ਲਈ ਕੰਮ ਕਰਨਾ ਜਾਰੀ ਰੱਖਣਾ। [ਲੀਡ: ਮਿਨਿਸਟਰੀ ਔਫ ਫਾਈਨੈਂਸ]

- ਸਥਾਨਕ ਸਰਕਾਰਾਂ ਅਤੇ ਗੈਰ-ਲਾਭਕਾਰੀ ਸੰਸਥਾਵਾਂ ਲਈ ਗ੍ਰਾਂਟ ਪ੍ਰੋਗਰਾਮਾਂ ਦੇ ਤਹਿਤ ਪੂੰਜੀ ਪ੍ਰੋਜੈਕਟਾਂ ਲਈ ਫੰਡ ਪ੍ਰਾਪਤ ਕਰਨ ਲਈ ਯੋਗਤਾ ਦੇ ਮਾਪਦੰਡ ਵਜੋਂ ਪਹੁੰਚਯੋਗਤਾ ਨੂੰ ਸ਼ਾਮਲ ਕਰਨ ਦੇ ਨਾਲ ਇਮਾਰਤਾਂ ਵਿੱਚ ਪਹੁੰਚਯੋਗਤਾ ਨੂੰ ਉਤਸ਼ਾਹਿਤ ਕਰਨਾ। [ਲੀਡ: ਮਿਨਿਸਟਰੀ ਔਫ ਮਿਉਂਸੀਪਲ ਅਫੇਅਰਜ਼]

- ਪੁਰਾਣੀਆਂ ਬੀ.ਸੀ. ਕਰੈਕਸ਼ਨਜ਼ ਦੀਆਂ ਸਹੂਲਤਾਂ ਦਾ ਨਵੀਨੀਕਰਨ ਕਰਦੇ ਜਾਂ ਉਨ੍ਹਾਂ ਨੂੰ ਬਦਲਦੇ ਸਮੇਂ ਸਮਕਾਲੀ ਡਿਜ਼ਾਈਨ ਅਤੇ ਪਹੁੰਚਯੋਗਤਾ ਸੁਧਾਰਾਂ ਨੂੰ ਸ਼ਾਮਲ ਕਰਨਾ। ਉਦਾਹਰਨ ਲਈ, ਨਨਾਈਮੋ ਕਰੈਕਸ਼ਨਲ ਸੈਂਟਰ ਰਿਪਲੇਸਮੈਂਟ ਪ੍ਰੋਜੈਕਟ 2024 ਵਿੱਚ ਪੂਰਾ ਹੋਣ ਦੀ ਉਮੀਦ ਹੈ। [ਲੀਡ: ਮਿਨਿਸਟਰੀ ਔਫ ਪਬਲਿਕ ਸੇਫਟੀ ਐਂਡ ਸੌਲੀਸਿਟਰ ਜਨਰਲ]

- ਸਾਂਝੇ ਕੀਤੇ ਜਾਣ ਵਾਲੇ ਗਤੀਸ਼ੀਲਤਾ ਯੰਤਰਾਂ, ਜਿਵੇਂ ਕਿ ਈ-ਸਕੂਟਰਾਂ, ਦੇ ਸੁਰੱਖਿਅਤ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਸਥਾਨਕ ਸਰਕਾਰਾਂ ਅਤੇ ਅਪੰਗਤਾ ਭਾਈਚਾਰੇ ਨਾਲ ਕੰਮ ਕਰਨਾ [ਲੀਡ: ਮਿਨਿਸਟਰੀ ਔਫ ਟ੍ਰਾਂਸਪੋਰਟੇਸ਼ਨ ਐਂਡ ਇਨਫ੍ਰਾਸਟ੍ਰਕਚਰ]

- ਯੂਨੀਵਰਸਲ ਡਿਜ਼ਾਈਨ ਦੇ ਸਿਧਾਂਤਾਂ ਦੇ ਅਧਾਰ 'ਤੇ ਵਧੇਰੇ ਏਕੀਕ੍ਰਿਤ ਅਤੇ ਕਿਰਿਆਸ਼ੀਲ ਆਵਾਜਾਈ ਪ੍ਰਣਾਲੀਆਂ ਦਾ ਨਿਰਮਾਣ ਕਰਨ ਲਈ ਇੰਡਿਜਨਸ ਅਤੇ ਸਥਾਨਕ ਸਰਕਾਰਾਂ ਲਈ ਫੰਡ ਪ੍ਰਦਾਨ ਕਰਨਾ ਜਾਰੀ ਰੱਖਣਾ। [ਲੀਡ: ਮਿਨਿਸਟਰੀ ਔਫ ਟ੍ਰਾਂਸਪੋਰਟੇਸ਼ਨ ਐਂਡ ਇਨਫ੍ਰਾਸਟ੍ਰਕਚਰ]

## ਬੀਸੀ ਬਿਲਡਿੰਗ ਕੋਡ ਵਿੱਚ ਪਹੁੰਚਯੋਗਤਾ ਬਾਰੇ ਜਨਤਕ ਸ਼ਮੂਲੀਅਤ 'ਤੇ ਸਪੌਟਲਾਈਟ

- ਅਟੌਰਨੀ ਜਨਰਲ ਅਤੇ ਹਾਊਸਿੰਗ ਲਈ ਜ਼ਿੰਮੇਵਾਰ ਮੰਤਰੀ, ਪਹੁੰਚਯੋਗਤਾ ਲਈ ਸੰਸਦੀ ਸਕੱਤਰ ਨਾਲ ਕੰਮ ਕਰਦੇ ਹੋਏ ਇਹ ਯਕੀਨੀ ਬਣਾਉਣ ਲਈ ਬੀਸੀ ਬਿਲਡਿੰਗ ਕੋਡ ਦੇ ਅਗਲੇ ਸੰਸਕਰਣ 'ਤੇ ਕੰਮ ਦੀ ਅਗਵਾਈ ਕਰ ਰਹੇ ਹਨ ਕਿ ਇਸ ਵਿੱਚ ਉਹ ਤਬਦੀਲੀਆਂ ਸ਼ਾਮਲ ਹਨ ਜੋ ਨਵੀਆਂ ਇਮਾਰਤਾਂ ਨੂੰ ਸਾਰੇ ਲੋਕਾਂ ਲਈ ਵਧੇਰੇ ਪਹੁੰਚਯੋਗ ਬਣਾਉਣਗੀਆਂ।
- ਫੌਲ 2021 ਵਿੱਚ, ਸਰਕਾਰ ਨੇ ਪਹੁੰਚਯੋਗਤਾ ਸੰਬੰਧੀ ਰੁਕਾਵਟਾਂ ਅਤੇ ਪ੍ਰਸਤਾਵਿਤ ਬੀਸੀ ਬਿਲਡਿੰਗ ਕੋਡ ਪਹੁੰਚਯੋਗਤਾ ਲੋੜਾਂ ਦੇ ਵਿਕਾਸ ਨੂੰ ਸੂਚਿਤ ਕਰਨ ਦੇ ਮੌਕਿਆਂ ਬਾਰੇ ਫੀਡਬੈਕ ਲੈਣ ਲਈ 11-ਹਫ਼ਤਿਆਂ ਦੀ ਜਨਤਕ ਸ਼ਮੂਲੀਅਤ ਕੀਤੀ।
- ਸਰਕਾਰ ਰਾਸ਼ਟਰੀ ਅਤੇ ਸੂਬਾਈ ਬਿਲਡਿੰਗ ਕੋਡਾਂ ਲਈ ਮੇਲ ਖਾਂਦੀਆਂ ਅਤੇ ਵਧੀਆਂ ਪਹੁੰਚਯੋਗਤਾ ਲੋੜਾਂ ਨੂੰ ਵਿਕਸਿਤ ਕਰਨ ਲਈ ਉਦਯੋਗ ਦੇ ਪ੍ਰਤੀਨਿਧਾਂ, ਭਾਈਵਾਲਾਂ ਅਤੇ ਜਨਤਾ ਨਾਲ ਕੰਮ ਕਰਨਾ ਜਾਰੀ ਰੱਖੇਗੀ।

ਅਸੀਂ ਪ੍ਰਸਤਾਵਿਤ ਪਹੁੰਚਯੋਗਤਾ ਕੋਡ ਤਬਦੀਲੀਆਂ ਬਾਰੇ ਫੀਡਬੈਕ ਮੰਗਾਂਗੇ ਅਤੇ ਨਵੇਂ ਕੋਡ ਦੀਆਂ ਲੋੜਾਂ ਨੂੰ ਲਾਗੂ ਕਰਨ ਲਈ ਉਦਯੋਗ ਦੇ ਪੇਸ਼ੇਵਰਾਂ ਤੱਕ ਸਿੱਖਿਆ ਪਹੁੰਚ ਦਾ ਤਾਲਮੇਲ ਵੀ ਕਰਾਂਗੇ।

## ਪ੍ਰਾਥਮਿਕਤਾ 4: ਬੀ.ਸੀ. ਪਬਲਿਕ ਸਰਵਿਸ ਵਿੱਚ ਰੋਜ਼ਗਾਰ

ਬੀ.ਸੀ. ਪਬਲਿਕ ਸਰਵਿਸ ਵਿੱਚ ਕੰਮ ਕਰਨ ਵਾਲੇ ਲੋਕਾਂ ਨੂੰ ਬ੍ਰਿਟਿਸ਼ ਕੋਲੰਬੀਆਂ ਦੀ ਵਿਭਿੰਨਤਾ ਨੂੰ ਦਰਸਾਉਣਾ ਚਾਹੀਦਾ ਹੈ। ਅਸੀਂ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨਾਲ ਰੋਜ਼ਗਾਰ ਵਿੱਚ ਰੁਕਾਵਟਾਂ ਦੀ ਪਛਾਣ ਕਰਨ, ਉਨ੍ਹਾਂ ਨੂੰ ਹਟਾਉਣ ਅਤੇ ਰੋਕਣ ਲਈ ਆਪਣੀ ਵਚਨਬੱਧਤਾ ਜਾਰੀ ਰੱਖਾਂਗੇ। ਇਹ ਸਰਕਾਰ ਦੇ ਅੰਦਰ ਕੈਰੀਅਰ ਦੀ ਭਾਲ ਕਰਨ ਵਾਲੇ ਅਪਾਹਜਤਾਵਾਂ ਵਾਲੇ ਵਿਅਕਤੀਆਂ ਅਤੇ ਅਪਾਹਜਤਾਵਾਂ ਵਾਲੇ ਮੌਜੂਦਾ ਕਰਮਚਾਰੀਆਂ ਦੋਵਾਂ 'ਤੇ ਲਾਗੂ ਹੁੰਦਾ ਹੈ।

- ਇਹ ਯਕੀਨੀ ਬਣਾਉਣ ਲਈ ਸਾਡੀ 3-ਸਾਲ ਦੀ ਵਿਭਿੰਨਤਾ ਅਤੇ ਸ਼ਮੂਲੀਅਤ ਰਣਨੀਤੀ "ਜਿੱਥੇ ਅਸੀਂ ਸਾਰੇ ਸਬੰਧਤ ਹਾਂ" ("Where We All Belong") ਨੂੰ ਲਾਗੂ ਕਰਨਾ ਕਿ ਪਬਲਿਕ ਸਰਵਿਸ ਸੂਬੇ ਨੂੰ ਦਰਸਾਉਂਦੀ ਹੈ ਅਤੇ ਇੰਡਿਜਨਸ ਲੋਕਾਂ, ਘੱਟ ਗਿਣਤੀ ਵਾਲੇ ਭਾਈਚਾਰਿਆਂ, ਪ੍ਰਵਾਸੀਆਂ, ਅਪਾਹਜਤਾਵਾਂ ਵਾਲੇ ਵਿਅਕਤੀਆਂ, ਅਤੇ LGBTQ2S + ਭਾਈਚਾਰੇ ਨੂੰ ਸ਼ਾਮਲ ਕਰਦੀ ਹੈ। [ਲੀਡ: ਪਬਲਿਕ ਸਰਵਿਸ ਏਜੰਸੀ]

- ਪਹੁੰਚਯੋਗਤਾ ਅਤੇ ਅਨੁਕੂਲਨ ਦੇ ਸਬੰਧ ਵਿੱਚ ਬੀ.ਸੀ. ਪਬਲਿਕ ਸਰਵਿਸ ਦੇ ਭਰਤੀ ਪ੍ਰਬੰਧਕਾਂ ਅਤੇ ਨੌਕਰੀ ਦੇ ਬਿਨੈਕਾਰਾਂ ਦੀ ਬਿਹਤਰ ਸਹਾਇਤਾ ਲਈ ਇੱਕ ਕੇਂਦਰੀ ਪ੍ਰਣਾਲੀ ਬਣਾਉਣਾ [ਲੀਡ: ਪਬਲਿਕ ਸਰਵਿਸ ਏਜੰਸੀ]

- ਰੁਕਾਵਟਾਂ ਦਾ ਸਾਮ੍ਹਣਾ ਕਰਨ ਵਾਲੇ ਕਰਮਚਾਰੀਆਂ ਦੀ ਵਰਕ-ਏਬਲ ਇੰਟਰਨਸ਼ਿਪ ਪ੍ਰੋਗਰਾਮ ਰਾਹੀਂ ਉਨ੍ਹਾਂ ਨੂੰ ਲਾਭਦਾਇਕ ਰੋਜ਼ਗਾਰ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਲਈ ਸਿਖਲਾਈ, ਕੋਚਿੰਗ ਅਤੇ ਮਾਰਗਦਰਸ਼ਨ ਪ੍ਰਦਾਨ ਕਰਨਾ। ਵਰਕ-ਏਬਲ ਅਜਿਹੇ ਹਾਲੀਆ (ਪਿਛਲੇ ਤਿੰਨ ਸਾਲਾਂ ਦੇ ਅੰਦਰ) ਪੋਸਟ-ਸੈਕੰਡਰੀ ਗ੍ਰੈਜੂਏਟਾਂ ਲਈ ਬੀ.ਸੀ. ਪਬਲਿਕ ਸਰਵਿਸ ਦੇ ਨਾਲ ਇੱਕ 12-ਮਹੀਨੇ ਦੀ ਭੁਗਤਾਨ ਕੀਤੀ ਇੰਟਰਨਸ਼ਿਪ ਹੈ ਜੋ ਅਪਾਹਜਤਾ ਹੋਣ ਵਜੋਂ ਸਵੈ-ਪਛਾਣ ਕਰਦੇ ਹਨ। [ਲੀਡ: ਪਬਲਿਕ ਸਰਵਿਸ ਏਜੰਸੀ]

- ਬੀ.ਸੀ. ਪਬਲਿਕ ਸਰਵਿਸ ਦੇ ਅੰਦਰ ਨੌਕਰੀਆਂ ਨੂੰ ਉਤਸ਼ਾਹਿਤ ਕਰਨ ਲਈ ਅਪਾਹਜਤਾ-ਸੇਵਾ ਸੰਸਥਾਵਾਂ ਤੱਕ ਪਹੁੰਚ। [ਲੀਡ: ਪਬਲਿਕ ਸਰਵਿਸ ਏਜੰਸੀ]

- ਸਮਾਈ ਕਰਨ ਦੀ ਡਿਊਟੀ ਅਤੇ ਉਸ ਦੇ ਨਾਲ ਦੀਆਂ ਮਨੁੱਖੀ ਅਧਿਕਾਰਾਂ ਦੀਆਂ ਹੋਰ ਜ਼ਿੰਮੇਵਾਰੀਆਂ ਦਾ ਆਦਰ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕਿ ਸਟਾਫ਼ ਅਤੇ ਭਰਤੀ ਪ੍ਰਬੰਧਕਾਂ ਲਈ ਸਿਖਲਾਈ ਅਤੇ ਸਹਾਇਤਾ ਉਪਲਬਧ ਹੈ, ਮੌਜੂਦਾ ਨੀਤੀ ਅਤੇ ਪ੍ਰਕਿਰਿਆਵਾਂ ਦੀ ਸਮੀਖਿਆ ਕਰਨਾ ਅਤੇ ਜਿੱਥੇ ਲੋੜ ਹੋਵੇ, ਉਨ੍ਹਾਂ ਨੂੰ ਅੱਪਡੇਟ ਕਰਨਾ। [ਲੀਡ: ਪਬਲਿਕ ਸਰਵਿਸ ਏਜੰਸੀ]

## ਪ੍ਰਾਥਮਿਕਤਾ 5: ਸਮਾਨ ਅਤੇ ਸੇਵਾਵਾਂ ਦੀ ਡਲਿਵਰੀ

ਬ੍ਰਿਟਿਸ਼ ਕੋਲੰਬੀਆ ਵਿੱਚ 926,000 ਤੋਂ ਵੱਧ ਲੋਕਾਂ ਵਿੱਚ ਕਿਸੇ ਕਿਸਮ ਦੀ ਅਪੰਗਤਾ ਹੈ। ਬੀ.ਸੀ. ਸਰਕਾਰ ਇਹ ਯਕੀਨੀ ਬਣਾਉਣ ਲਈ ਨੀਤੀਆਂ, ਪ੍ਰਕਿਰਿਆਵਾਂ ਅਤੇ ਟੂਲਾਂ ਨੂੰ ਅੱਗੇ ਵਧਾਉਣਾ ਜਾਰੀ ਰੱਖੇਗੀ ਕਿ ਅਪਾਹਜਤਾਵਾਂ ਵਾਲੇ ਲੋਕਾਂ ਦੀ ਬੀ.ਸੀ. ਸਰਕਾਰ ਦੁਆਰਾ ਡਲਿਵਰ ਕੀਤੇ ਜਾਣ ਵਾਲੇ ਸਮਾਨ ਅਤੇ ਸੇਵਾਵਾਂ ਤੱਕ ਬਰਾਬਰੀ ਵਾਲੀ ਪਹੁੰਚ ਹੈ।

- ਪੋਸਟ-ਸੈਕੰਡਰੀ ਸਿੱਖਿਆ ਤੱਕ ਪਹੁੰਚ ਕਰਨ ਵਾਸਤੇ ਅਪਾਹਜਤਾਵਾਂ ਵਾਲੇ ਸਿਖਿਆਰਥੀਆਂ ਲਈ ਰੁਕਾਵਟਾਂ ਨੂੰ ਦੂਰ ਕਰਨ ਲਈ ਸਟੂਡੈਂਟ ਏਡ ਬੀਸੀ (StudentAid BC) ਦੁਆਰਾ ਸੰਚਾਲਿਤ ਪ੍ਰੋਗਰਾਮਾਂ ਦੇ ਸਮੂਹ ਨੂੰ ਆਧੁਨਿਕ ਬਣਾਉਣਾ। ਇਹ ਪ੍ਰੋਗਰਾਮ ਯੋਗ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ, ਸਹਾਇਕ ਸੇਵਾਵਾਂ ਅਤੇ ਸਾਜ਼ੋ-ਸਾਮਾਨ, ਅਤੇ ਨਿਸ਼ਾਨੇਬੱਧ ਸੰਸਥਾ ਸਹਾਇਤਾ ਪ੍ਰੋਗਰਾਮ ਪ੍ਰਦਾਨ ਕਰਦੇ ਹਨ। [ਲੀਡ: ਮਿਨਿਸਟਰੀ ਔਫ ਅਡਵਾਂਸਡ ਐਜੁਕੇਸ਼ਨ ਐਂਡ ਸਕਿਲਜ਼ ਟ੍ਰੇਨਿੰਗ]

- ਫੈਮਲੀ ਕਨੈਕਸ਼ਨ ਕੇਂਦਰਾਂ ਦੀ ਸ਼ੁਰੂਆਤ ਕਰਨਾ ਤਾਂ ਜੋ ਪਰਿਵਾਰਾਂ ਨੂੰ ਸਹਾਇਤਾ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ ਰੈਫਰਲ ਜਾਂ ਤਸ਼ਖ਼ੀਸ ਤੋਂ ਬਿਨਾਂ ਪਹੁੰਚਯੋਗ ਅਤੇ ਸਮਾਵੇਸ਼ੀ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ।[ਲੀਡ: ਮਿਨਿਸਟਰੀ ਔਫ ਚਿਲਡਰਨ ਐਂਡ ਫੈਮਲੀ ਡੇਵੇਲਪਮੈਂਟ]

- ਬੱਚਿਆਂ ਅਤੇ ਨੌਜਵਾਨਾਂ ਲਈ ਮੁੱਖ ਰੋਕਥਾਮ ਅਤੇ ਸ਼ੁਰੂਆਤੀ ਦਖਲ ਸਹਾਇਤਾ, ਜਿਸ ਵਿੱਚ ਰਾਹਤ, ਘੱਟ ਰੁਕਾਵਟ ਸਥਿਰਤਾ, ਐਮਰਜੈਂਸੀ ਦੇਖਭਾਲ, ਅਤੇ ਲੰਬੇ ਸਮੇਂ ਦੀ ਵਿਸ਼ੇਸ਼ ਦੇਖਭਾਲ ਤੱਕ ਪਹੁੰਚ ਸ਼ਾਮਲ ਹੈ ਨੂੰ ਬਿਹਤਰ ਬਣਾਉਣ ਲਈ ਸਪੈਸ਼ਲਾਈਡਜ਼ ਹੋਮਜ਼ ਐਂਡ ਸਪੋਰਟ ਸਰਵਿਸਿਜ਼ (Specialized Homes and Support Services) ਦੀ ਪਹਿਲਕਦਮੀ ਨੂੰ ਮੁੜ ਡਿਜ਼ਾਈਨ ਕਰਨਾ। [ਲੀਡ: ਮਿਨਿਸਟਰੀ ਔਫ ਚਿਲਡਰਨ ਐਂਡ ਫੈਮਲੀ ਡੇਵੇਲਪਮੈਂਟ]

- ਸਿਖਲਾਈ ਜਾਂ ਰੋਜ਼ਗਾਰ ਵਿੱਚ ਅਪਾਹਜਤਾਵਾਂ ਵਾਲੇ ਲੋਕਾਂ ਦੀ ਭਾਗੀਦਾਰੀ ਵਿੱਚ ਰੁਕਾਵਟਾਂ ਨੂੰ ਦੂਰ ਕਰਨ ਲਈ ਪਹੁੰਚਯੋਗਤਾ ਸਹਾਇਤਾਵਾਂ, ਅਨੁਕੂਲ ਤਕਨਾਲੋਜੀ ਅਤੇ ਹੋਰ ਸਾਧਨ ਪ੍ਰਦਾਨ ਕਰਨ

ਲਈ ਵਰਕਫੋਰਸ ਡੇਵੇਲਪਮੈਂਟ ਐਗਰੀਮੈਂਟ (WDA) ਪ੍ਰੋਗਰਾਮਾਂ ਨੂੰ ਡਲਿਵਰ ਕਰਨਾ ਜਾਰੀ ਰੱਖਣਾ। ਇਸ ਵਿੱਚ ਵਰਕਬੀਸੀ ਏਮਪਲੋਏਮੈਂਟ ਸਰਵਿਸਿਜ਼, ਕਮਿਊਨਿਟੀ ਐਂਡ ਏਮਪਲੋਇਰ ਪਾਟਨਰਸ਼ਿੱਪਾਂ, ਐਨੂਅਲ ਇਨਕਮ ਐਗਜ਼ੈਂਪਸ਼ਨ, ਸਕਿਲਜ਼ ਟ੍ਰੇਨਿੰਗ ਫੌਰ ਏਮਪਲੋਏਮੈਂਟ ਪਰਸਨਜ਼ ਵਿਦ ਡਿਸਅਬਿਲੀਟੀਜ਼, ਅਤੇ ਇੰਡਸਟ੍ਰੀ ਟ੍ਰੇਨਿੰਗ ਅਥਾਰਟੀ ਦਾ ਪ੍ਰੀ-ਅਪ੍ਰੈਂਟਿਸਸ਼ਿਪ ਪ੍ਰੋਗਰਾਮ ਸ਼ਾਮਲ ਹਨ। [ਲੀਡ: ਮਿਨਿਸਟਰੀ ਔਫ਼ ਸੋਸ਼ਲ ਡੇਵੇਲਪਮੈਂਟ ਐਂਡ ਪਾਵਰਟੀ ਰਿਡਕਸ਼ਨ ਅਤੇ ਮਿਨਿਸਟਰੀ ਔਫ ਅਡਵਾਂਸਡ ਐਜੁਕੇਸ਼ਨ ਐਂਡ ਸਕਿਲਜ਼ ਟ੍ਰੇਨਿੰਗ]।

- ਵਿਦਿਆਰਥੀਆਂ ਲਈ ਪੋਸਟ-ਸੈਕੰਡਰੀ ਅਤੇ ਵਪਾਰ ਸਿਖਲਾਈ ਦੇ ਮੌਕਿਆਂ ਤੱਕ ਵੱਧ ਪਹੁੰਚ ਪ੍ਰਦਾਨ ਕਰਨ ਲਈ ਸੈਰ-ਸਪਾਟਾ ਸਿਖਲਾਈ ਗ੍ਰਾਂਟਾਂ ਵਿੱਚ ਨਿਵੇਸ਼ ਕਰਨਾ। ਘੱਟ-ਪ੍ਰਤੀਨਿਧ ਸਮੂਹਾਂ ਦੀਆਂ ਅਰਜ਼ੀਆਂ ਨੂੰ ਤਰਜੀਹ ਦਿੱਤੀ ਜਾਵੇਗੀ: ਇੰਡਿਜਨਸ, ਪ੍ਰਵਾਸੀ ਜਾਂ ਰਫ਼ਿਊਜੀ ਵਿਦਿਆਰਥੀਆਂ, ਦਿਹਾਤੀ ਜਾਂ ਦੂਰ-ਦੁਰਾਡੇ ਦੇ ਸਥਾਨਾਂ ਦੇ ਵਿਦਿਆਰਥੀ, ਅਤੇ ਪਹੁੰਚਯੋਗਤਾ ਲੋੜਾਂ ਵਾਲੇ ਵਿਦਿਆਰਥੀ। [ਲੀਡ: ਮਿਨਿਸਟਰੀ ਔਫ਼ ਟੂਰਿਜ਼ਮ, ਆਰਟਸ, ਕਲਚਰ ਐਂਡ ਸਪੋਰਟ]

- ਬੀ.ਸੀ. ਦੀ ਸਿਰਜਣਾਤਮਕ ਅਰਥਵਿਵਸਥਾ ਦੇ ਸਾਰੇ ਖੇਤਰਾਂ ਵਿੱਚ ਕੰਮ ਕਰਨ ਵਾਲੇ ਅਪਾਹਜਤਾਵਾਂ ਵਾਲੇ ਲੋਕਾਂ ਦੀ ਸਹਾਇਤਾ ਕਰਨਾ ਜਾਰੀ ਰੱਖਣਾ, ਉਦਾਹਰਣ ਲਈ ਮੱਧਮਾਨ (weighted) ਮਾਪਦੰਡਾਂ ਅਤੇ ਐਮਪਲੀਫਾਈ ਬੀਸੀ ਦੇ ਪ੍ਰੋਗਰਾਮਾਂ ਲਈ ਫੰਡਾਂ ਦੀ ਵੰਡ ਵਿੱਚ ਤਰਜੀਹ ਰਾਹੀਂ। [ਲੀਡ: ਮਿਨਿਸਟਰੀ ਔਫ਼ ਟੂਰਿਜ਼ਮ, ਆਰਟਸ, ਕਲਚਰ ਐਂਡ ਸਪੋਰਟ]

- ਇਕੁਇਟੀ ਅਤੇ ਇਮਰਜਿੰਗ ਡੇਵੇਲਪਮੈਂਟ ਪ੍ਰੋਗਰਾਮ ਰਾਹੀਂ ਅਪਾਹਜਤਾਵਾਂ ਵਾਲੇ ਲੋਕਾਂ ਸਮੇਤ ਉਭਰ ਰਹੇ ਅਤੇ ਇਕੁਇਟੀ ਦੀ ਮੰਗ ਕਰਨ ਵਾਲੇ ਬੀ.ਸੀ. ਫਿਲਮ ਨਿਰਮਾਤਾਵਾਂ ਲਈ ਫੰਡਿੰਗ ਤੱਕ ਪਹੁੰਚ ਵਧਾਉਣਾ। [ਲੀਡ: ਮਿਨਿਸਟਰੀ ਔਫ਼ ਟੂਰਿਜ਼ਮ, ਆਰਟਸ, ਕਲਚਰ ਐਂਡ ਸਪੋਰਟ]

- ਆਫਟਰ ਸਕੂਲ ਸਪੋਰਟ ਅਤੇ ਆਰਟਸ ਇਨੀਸ਼ੀਏਟਿਵ, ਜੋ ਸਮਰਪਿਤ ਪਹੁੰਚਯੋਗਤਾ ਫੰਡਿੰਗ ਦੁਆਰਾ ਭਾਗੀਦਾਰੀ ਵਿੱਚ ਰੁਕਾਵਟਾਂ ਦਾ ਸਾਹਮਣਾ ਕਰਨ ਵਾਲੇ ਵਿਦਿਆਰਥੀਆਂ ਲਈ ਮੁਫਤ ਖੇਡਾਂ,

ਸਰੀਰਕ ਗਤੀਵਿਧੀ ਅਤੇ ਰਚਨਾਤਮਕ ਕਲਾ ਦੇ ਮੌਕੇ ਪ੍ਰਦਾਨ ਕਰਦਾ ਹੈ, ਨੂੰ ਜਾਰੀ ਰੱਖਣਾ। [ਲੀਡ: ਮਿਨਿਸਟਰੀ ਔਫ਼ ਟੂਰਿਜ਼ਮ, ਆਰਟਸ, ਕਲਚਰ ਐਂਡ ਸਪੋਰਟ]

- ਬੀ.ਸੀ. ਵਿੱਚ ਟੂਰਿਜ਼ਮ ਲਈ ਰਣਨੀਤਕ ਫਰੇਮਵਰਕ ਦੁਆਰਾ ਬੀ.ਸੀ. ਨੂੰ ਹਰੇਕ ਲਈ ਇੱਕ ਸਮਾਵੇਸ਼ੀ ਅਤੇ ਸੁਆਗਤ ਕਰਨ ਵਾਲੀ ਮੰਜ਼ਿਲ ਵਜੋਂ ਵਧਾਵਾ ਦੇਣਾ। ਫਰੇਮਵਰਕ ਸੈਰ-ਸਪਾਟਾ ਉਦਯੋਗ ਨੂੰ ਅਜਿਹੇ ਸੈਰ-ਸਪਾਟਾ ਉਤਪਾਦ, ਸੇਵਾਵਾਂ ਅਤੇ ਤਜ਼ਰਬਿਆਂ ਨੂੰ ਬਣਾਉਣ ਜਾਂ ਅਨੁਕੂਲਿਤ ਕਰਨ ਵਿੱਚ ਸਹਾਇਤਾ ਕਰਦਾ ਹੈ ਜੋ ਸੰਮਲਿਤ ਅਤੇ ਹਰੇਕ ਲਈ ਪਹੁੰਚਯੋਗ ਹਨ। [ਲੀਡ: ਮਿਨਿਸਟਰੀ ਔਫ਼ ਟੂਰਿਜ਼ਮ, ਆਰਟਸ, ਕਲਚਰ ਐਂਡ ਸਪੋਰਟ]

- ਅਪਾਹਜਤਾਵਾਂ ਵਾਲੇ ਵਿਅਕਤੀਆਂ, ਨਵੇਂ ਪ੍ਰਵਾਸੀਆਂ, ਨੌਜਵਾਨਾਂ, ਅਤੇ ਕਮਜ਼ੋਰ ਅਬਾਦੀ ਦੀ ਭਰਤੀ ਨੂੰ ਉਤਸ਼ਾਹਿਤ ਕਰਕੇ ਸੈਰ-ਸਪਾਟਾ ਉਦਯੋਗ ਵਿੱਚ ਮਜ਼ਦੂਰਾਂ ਦੀ ਘਾਟ ਨੂੰ ਹੱਲ ਕਰਨ ਲਈ go2HR ਸਮੇਤ ਡੈਸਟੀਨੇਸ਼ਨ ਬੀਸੀ ਅਤੇ ਉਦਯੋਗਿਕ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਨਾ। [ਲੀਡ: ਮਿਨਿਸਟਰੀ ਔਫ਼ ਟੂਰਿਜ਼ਮ, ਆਰਟਸ, ਕਲਚਰ ਐਂਡ ਸਪੋਰਟ]

# ਸਿੱਟਾ

ਐਕਸੈਸਿਬਲ ਬੀ.ਸੀ ਐਕਟ ਨੂੰ 2021 ਵਿੱਚ ਕਾਨੂੰਨ ਬਣਾਉਣਾ ਸਾਡੀ ਸਰਕਾਰ ਦੀ ਪਹੁੰਚਯੋਗਤਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਹਾਲਾਂਕਿ, ਕਈ ਤਰੀਕਿਆਂ ਨਾਲ, ਇਹ ਕਾਨੂੰਨ ਇੱਕ ਕਿਧਰੇ ਵੱਡੀ ਪ੍ਰਕਿਰਿਆ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ ਅਤੇ ਇੱਕ ਸੰਮਲਿਤ ਸੂਬਾ, ਜੋ ਸਾਡੇ ਸਾਰਿਆਂ ਲਈ ਕੰਮ ਕਰਦਾ ਹੈ, ਬਣਾਉਣ ਦੇ ਅਗਲੇ ਕਦਮ ਦੀ ਨਿਸ਼ਾਨਦੇਹੀ ਕਰਦਾ ਹੈ।

ਸਰਕਾਰ ਦੀ ਅਗਵਾਈ ਕਰਨ ਦੀ ਮਹੱਤਤਾ ਕੁਝ ਅਜਿਹਾ ਸੀ ਜੋ ਅਸੀਂ 2019 ਵਿੱਚ ਆਪਣੇ ਜਨਤਕ ਸਲਾਹ-ਮਸ਼ਵਰੇ ਦੌਰਾਨ ਉੱਚੀ ਅਤੇ ਸਪੱਸ਼ਟ ਸੁਣਿਆ ਸੀ। ਇਹ ਸਰਕਾਰੀ ਪਹੁੰਚਯੋਗਤਾ ਯੋਜਨਾ ਦਰਸਾਉਂਦੀ ਹੈ ਕਿ ਕਿਵੇਂ ਸਰਕਾਰ ਅਗਲੇ ਤਿੰਨ ਸਾਲਾਂ ਵਿੱਚ ਇੱਕ ਸੱਚਮੁੱਚ ਸੰਮਲਿਤ ਅਤੇ ਪਹੁੰਚਯੋਗ ਬੀ.ਸੀ. ਦੇ ਟੀਚੇ ਵੱਲ ਕੰਮ ਕਰ ਰਹੀ ਹੈ। ਜਿਵੇਂ ਹੀ ਨਵੀਆਂ ਪ੍ਰਾਥਮਿਕਤਾਵਾਂ ਉਭਰਦੀਆਂ ਹਨ ਅਸੀਂ ਅਨੁਕੂਲ ਬਣਾਂਗੇ।

ਅਸੀਂ ਅਪਾਹਜਤਾਵਾਂ ਵਾਲੇ ਲੋਕਾਂ ਦੀ ਉਹਨਾਂ ਦੇ ਭਾਈਚਾਰਿਆਂ ਵਿੱਚ ਪੂਰੀ ਅਤੇ ਬਰਾਬਰ ਭਾਗੀਦਾਰੀ ਦਾ ਸਮਰਥਨ ਕਰਨ ਲਈ ਵਚਨਬੱਧ ਹਾਂ। ਸਾਡੀ ਸਰਕਾਰ ਆਉਣ ਵਾਲੇ ਮਹੀਨਿਆਂ ਅਤੇ ਸਾਲਾਂ ਵਿੱਚ ਤੁਹਾਡੇ ਨਾਲ ਜੁੜਨ ਦੀ ਉਮੀਦ ਰੱਖਦੀ ਹੈ ਜਿਵੇਂ ਅਸੀਂ ਇੱਕ ਰੁਕਾਵਟ ਰਹਿਤ ਬੀ.ਸੀ. ਬਣਾਉਣ ਲਈ ਆਪਣਾ ਕੰਮ ਜਾਰੀ ਰੱਖਦੇ ਹਾਂ।

# ਅੰਤਿਕਾ 1: ਪ੍ਰਾਥਮਿਕਤਾਵਾਂ ਦਾ ਸਾਰ

## ਪ੍ਰਾਥਮਿਕਤਾ 1 - ਪਹੁੰਚਯੋਗਤਾ ਅਤੇ ਸਮਾਵੇਸ਼ ਦਾ ਸੱਭਿਆਚਾਰ ਬਣਾਉਣਾ

- ਪੂਰੀ ਸਰਕਾਰ ਵਿੱਚ ਲਿੰਗ ਅਧਾਰਤ ਵਿਸ਼ਲੇਸ਼ਣ ਪਲੱਸ ਲੈਂਸ (GBA +) ਲਾਗੂ ਕਰਨਾ
- ਸਟਾਫ ਨੂੰ ਪਹੁੰਚਯੋਗਤਾ ਬਾਰੇ ਜਾਗਰੂਕਤਾ ਪੈਦਾ ਕਰਨ ਵਾਲੇ ਸਮਾਗਮ ਡਿਲਿਵਰ ਕਰਨ ਅਤੇ ਉਨ੍ਹਾਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਾ
- ਪਬਲਿਕ ਸਰਵਿਸ ਏਜੰਸੀ ਲਈ ਪਹੁੰਚਯੋਗਤਾ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਅਤੇ ਸਮਰੱਥਾ ਨੂੰ ਵਧਾਉਣ ਲਈ ਇੱਕ ਬੀਈਂਗ ਐਕਸੈਸਿਬਲ ਸਟ੍ਰੈਟੇਜੀ ਵਿਕਸਿਤ ਕਰਨਾ
- ਜਨਤਕ ਸੇਵਾ ਵਿੱਚ ਪਹੁੰਚਯੋਗਤਾ ਲੀਡਰਸ਼ਿਪ ਦਾ ਸਮਰਥਨ ਕਰਨਾ

## ਪ੍ਰਾਥਮਿਕਤਾ 2:  ਜਾਣਕਾਰੀ ਅਤੇ ਸੰਚਾਰ

- ਨਿਆਂ ਅਤੇ ਹਾਊਸਿੰਗ-ਸਬੰਧਤ ਸੇਵਾਵਾਂ ਲਈ ਵਰਚੁਅਲ ਸੇਵਾ ਪੇਸ਼ਕਸ਼ਾਂ ਦੀ ਗਿਣਤੀ ਵਧਾਉਣਾ
- 2027 ਤੱਕ ਸੂਬੇ ਦੇ ਬਾਕੀ ਸਾਰੇ ਦਿਹਾਤੀ ਪਰਿਵਾਰਾਂ ਨੂੰ ਹਾਈ-ਸਪੀਡ ਇੰਟਰਨੈੱਟ ਨਾਲ ਕਨੈਕਟ ਕਰਨਾ
- ਸਰਕਾਰੀ ਔਨਲਾਈਨ ਜਨਤਕ ਸੇਵਾਵਾਂ ਅਤੇ ਵੈਬਪੰਨਿਆਂ ਨੂੰ ਹੋਰ ਸੁਚਾਰੂ ਅਤੇ ਪਹੁੰਚਯੋਗ ਬਣਾਉਣ ਲਈ ਮੁੜ ਡਿਜ਼ਾਈਨ ਕਰਨਾ
- ਬੀਸੀ ਸਰਵਿਸਿਜ਼ ਕਾਰਡ ਦੀ ਪਛਾਣ ਤਸਦੀਕ ਪ੍ਰਕਿਰਿਆ ਵਿੱਚ ਰੁਕਾਵਟਾਂ ਨੂੰ ਦੂਰ ਕਰਨਾ
- ਬੀਸੀ ਪਾਰਕਸ ਬਾਰੇ ਜਨਤਕ ਜਾਣਕਾਰੀ ਦੀ ਪਹੁੰਚ ਵਿੱਚ ਸੁਧਾਰ ਕਰਨਾ
- ਸਥਾਨਕ ਸਰਕਾਰਾਂ ਦੇ ਜਨਤਕ ਨੋਟਿਸਾਂ ਲਈ ਲੋੜਾਂ ਦਾ ਆਧੁਨਿਕੀਕਰਨ ਕਰਨਾ
- ਲਾਇਬ੍ਰੇਰੀਆਂ ਤੱਕ ਪਹੁੰਚ ਵਿੱਚ ਸੁਧਾਰ ਕਰਨਾ ਅਤੇ ਲਾਇਬ੍ਰੇਰੀ ਸੰਗ੍ਰਹਿਾਂ ਨੂੰ ਵਧਾਉਣ ਵਿੱਚ ਸਹਾਇਤਾ ਕਰਨਾ

- ਯਕੀਨੀ ਬਣਾਉਣਾ ਕਿ ਸੰਕਟਕਾਲੀਨ ਯੋਜਨਾਵਾਂ ਵਿੱਚ ਅਪਾਹਜਤਾਵਾਂ ਵਾਲੇ ਲੋਕਾਂ ਦੀਆਂ ਲੋੜਾਂ ਸ਼ਾਮਲ ਹਨ
- ਔਨਲਾਈਨ ਮਾਏ ਸੈਲਫ ਸਰਵ (MySelf Serve) ਪੋਰਟਲ ਦੀ ਪਹੁੰਚਯੋਗਤਾ ਵਿੱਚ ਸੁਧਾਰ ਕਰਨਾ

## ਪ੍ਰਾਥਮਿਕਤਾ 3: ਇਮਾਰਤਾਂ, ਬੁਨਿਆਦੀ ਢਾਂਚਾ ਅਤੇ ਜਨਤਕ ਥਾਂਵਾਂ

- ਰੀਟਰੋਫਿਟ ਕਰਨਾ ਅਤੇ ਅਦਾਲਤਾਂ ਦੀ ਪਹੁੰਚਯੋਗਤਾ ਨੂੰ ਵਧਾਉਣਾ ਜਾਰੀ ਰੱਖਣਾ
- ਅਪਾਹਜਤਾਵਾਂ ਵਾਲੇ ਲੋਕਾਂ ਨੂੰ ਪਹੁੰਚਯੋਗਤਾ ਨੂੰ ਬਿਹਤਰ ਬਣਾਉਣ ਲਈ ਉਨ੍ਹਾਂ ਦੇ ਘਰਾਂ ਨੂੰ ਅਨੁਕੂਲ ਬਣਾਉਣ ਲਈ ਸਹਾਇਤਾ ਪ੍ਰਦਾਨ ਕਰਨਾ
- ਜਦੋਂ ਵੀ ਸੰਭਵ ਹੋਵੇ ਸਰਕਾਰੀ ਥਾਵਾਂ ਦੀ ਪਹੁੰਚਯੋਗਤਾ ਨੂੰ ਵਧਾਉਣਾ
- ਬੀਸੀ ਪਾਰਕਸ ਦੇ ਫਰੰਟ ਕੰਟਰੀ ਪਾਰਕਾਂ ਵਿੱਚ ਪਹੁੰਚਯੋਗਤਾ ਸੰਬੰਧੀ ਅੱਪਗਰੇਡਾਂ 'ਤੇ ਕੰਮ ਕਰਨਾ
- ਖਰੀਦ ਨੀਤੀਆਂ ਅਤੇ ਅਭਿਆਸਾਂ ਵਿੱਚ ਪਹੁੰਚਯੋਗਤਾ ਮਾਪਦੰਡਾਂ ਨੂੰ ਸ਼ਾਮਲ ਕਰਨਾ
- ਫੰਡ ਪ੍ਰਾਪਤ ਕਰਨ ਲਈ ਸਥਾਨਕ ਸਰਕਾਰਾਂ ਅਤੇ ਗੈਰ-ਲਾਭਕਾਰੀ ਸੰਸਥਾਵਾਂ ਲਈ ਯੋਗਤਾ ਦੇ ਮਾਪਦੰਡ ਵਜੋਂ ਪਹੁੰਚਯੋਗਤਾ ਹੋਣਾ
- ਬੀਸੀ ਕਰੈਕਸ਼ਨਜ਼ ਦੀਆਂ ਸਹੂਲਤਾਂ ਲਈ ਸਮਕਾਲੀ ਡਿਜ਼ਾਈਨ ਅਤੇ ਪਹੁੰਚਯੋਗਤਾ ਸੁਧਾਰਾਂ ਨੂੰ ਸ਼ਾਮਲ ਕਰਨਾ
- ਸਾਂਝੇ ਕੀਤੇ ਜਾਣ ਵਾਲੇ ਗਤੀਸ਼ੀਲਤਾ ਯੰਤਰਾਂ, ਜਿਵੇਂ ਕਿ ਈ-ਸਕੂਟਰਾਂ, ਦੇ ਸੁਰੱਖਿਅਤ ਸੰਚਾਲਨ ਨੂੰ ਯਕੀਨੀ ਬਣਾਉਣਾ
- ਯੂਨੀਵਰਸਲ ਡਿਜ਼ਾਈਨ ਦੇ ਸਿਧਾਂਤਾਂ ਦੇ ਅਧਾਰ 'ਤੇ ਵਧੇਰੇ ਏਕੀਕ੍ਰਿਤ ਅਤੇ ਕਿਰਿਆਸ਼ੀਲ ਆਵਾਜਾਈ ਪ੍ਰਣਾਲੀਆਂ ਦਾ ਨਿਰਮਾਣ ਕਰਨਾ

## ਪ੍ਰਾਥਮਿਕਤਾ 4: ਬੀ.ਸੀ. ਪਬਲਿਕ ਸਰਵਿਸ ਵਿੱਚ ਰੋਜ਼ਗਾਰ

- ਸਾਡੀ 3-ਸਾਲ ਦੀ ਵਿਭਿੰਨਤਾ ਅਤੇ ਸ਼ਮੂਲੀਅਤ ਰਣਨੀਤੀ “ਜਿੱਥੇ ਅਸੀਂ ਸਾਰੇ ਸਬੰਧਤ ਹਾਂ” (“Where We All Belong”) ਨੂੰ ਲਾਗੂ ਕਰਨਾ

- ਪਹੁੰਚਯੋਗਤਾ ਅਤੇ ਅਨੁਕੂਲਨ ਦੇ ਸਬੰਧ ਵਿੱਚ ਬੀ.ਸੀ. ਪਬਲਿਕ ਸਰਵਿਸ ਦੇ ਭਰਤੀ ਪ੍ਰਬੰਧਕਾਂ ਅਤੇ ਨੌਕਰੀ ਦੇ ਬਿਨੈਕਾਰਾਂ ਦੀ ਬਿਹਤਰ ਸਹਾਇਤਾ ਲਈ ਇੱਕ ਕੇਂਦਰੀ ਪ੍ਰਣਾਲੀ ਬਣਾਉਣਾ
- ਵਰਕ-ਏਬਲ ਇੰਟਰਨਸ਼ਿਪ ਪ੍ਰੋਗਰਾਮ ਰਾਹੀਂ ਅਪਾਹਜਤਾਵਾਂ ਵਾਲੇ ਕਰਮਚਾਰੀਆਂ ਨੂੰ ਸਿਖਲਾਈ, ਕੋਚਿੰਗ ਅਤੇ ਮਾਰਗਦਰਸ਼ਨ ਪ੍ਰਦਾਨ ਕਰਨਾ
- ਬੀ.ਸੀ. ਪਬਲਿਕ ਸਰਵਿਸ ਦੇ ਅੰਦਰ ਨੌਕਰੀਆਂ ਨੂੰ ਉਤਸ਼ਾਹਿਤ ਕਰਨ ਲਈ ਅਪਾਹਜਤਾ-ਸੇਵਾ ਸੰਸਥਾਵਾਂ ਤੱਕ ਪਹੁੰਚ
- ਸਮਾਈ ਕਰਨ ਦੀ ਡਿਊਟੀ ਦਾ ਆਦਰ ਕਰਨ ਲਈ ਮੌਜੂਦਾ ਨੀਤੀ ਅਤੇ ਪ੍ਰਕਿਰਿਆਵਾਂ ਦੀ ਸਮੀਖਿਆ ਕਰਨਾ ਅਤੇ ਉਨ੍ਹਾਂ ਨੂੰ ਅੱਪਡੇਟ ਕਰਨਾ

**ਪ੍ਰਾਥਮਿਕਤਾ 5:  ਸਮਾਨ ਅਤੇ ਸੇਵਾਵਾਂ ਦੀ ਡਲਿਵਰੀ**

- ਪੋਸਟ-ਸੈਕੰਡਰੀ ਸਿੱਖਿਆ ਤੱਕ ਪਹੁੰਚ ਕਰਨ ਵਾਸਤੇ ਅਪਾਹਜਤਾਵਾਂ ਵਾਲੇ ਸਿਖਿਆਰਥੀਆਂ ਲਈ ਰੁਕਾਵਟਾਂ ਨੂੰ ਦੂਰ ਕਰਨ ਲਈ ਸਟੂਡੈਂਟ ਏਡ ਬੀਸੀ (StudentAid BC) ਦੁਆਰਾ ਸੰਚਾਲਿਤ ਪ੍ਰੋਗਰਾਮਾਂ ਦੇ ਸਮੂਹ ਨੂੰ ਆਧੁਨਿਕ ਬਣਾਉਣਾ
- 2023 ਦੇ ਸ਼ੁਰੂ ਵਿੱਚ ਫੈਮਲੀ ਕਨੈਕਸ਼ਨ ਕੇਂਦਰਾਂ ਦੀ ਸ਼ੁਰੂਆਤ ਕਰਨਾ ਤਾਂ ਜੋ ਪਰਿਵਾਰਾਂ ਨੂੰ ਸਹਾਇਤਾ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ ਪਹੁੰਚਯੋਗ ਅਤੇ ਸਮਾਵੇਸ਼ੀ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ
- ਬੱਚਿਆਂ ਅਤੇ ਨੌਜਵਾਨਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਲਈ ਮੁੱਖ ਰੋਕਥਾਮ ਅਤੇ ਸ਼ੁਰੂਆਤੀ ਦਖਲ ਸਹਾਇਤਾ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਲਈ ਸਪੈਸ਼ਲਾਈਡਜ਼ ਹੋਮਜ਼ ਐਂਡ ਸਪੋਰਟ ਸਰਵਿਸਿਜ਼ (Specialized Homes and Support Services) ਦੀ ਪਹਿਲਕਦਮੀ ਨੂੰ ਮੁੜ ਡਿਜ਼ਾਈਨ ਕਰਨਾ
- ਸਿਖਲਾਈ ਜਾਂ ਰੋਜ਼ਗਾਰ ਵਿੱਚ ਅਪਾਹਜਤਾਵਾਂ ਵਾਲੇ ਲੋਕਾਂ ਦੀ ਭਾਗੀਦਾਰੀ ਵਿੱਚ ਰੁਕਾਵਟਾਂ ਨੂੰ ਦੂਰ ਕਰਨ ਲਈ ਪਹੁੰਚਯੋਗਤਾ ਸਹਾਇਤਾ, ਅਨੁਕੂਲ ਤਕਨਾਲੋਜੀ ਅਤੇ ਹੋਰ ਸਾਧਨ ਪ੍ਰਦਾਨ ਕਰਨਾ
- ਬੀ.ਸੀ. ਦੀ ਸਿਰਜਣਾਤਮਕ ਅਰਥਵਿਵਸਥਾ ਦੇ ਸਾਰੇ ਖੇਤਰਾਂ ਵਿੱਚ ਕੰਮ ਕਰਨ ਵਾਲੇ ਅਪਾਹਜਤਾਵਾਂ ਵਾਲੇ ਲੋਕਾਂ ਦੀ ਸਹਾਇਤਾ ਕਰਨਾ

- ਉਭਰ ਰਹੇ ਅਤੇ ਇਕੁਇਟੀ ਦੀ ਮੰਗ ਕਰਨ ਵਾਲੇ ਬੀ.ਸੀ. ਫਿਲਮ ਨਿਰਮਾਤਾਵਾਂ ਲਈ ਫੰਡਿੰਗ ਤੱਕ ਪਹੁੰਚ ਵਧਾਉਣਾ
- ਰੁਕਾਵਟਾਂ ਦਾ ਸਾਹਮਣਾ ਕਰਨ ਵਾਲੇ ਵਿਦਿਆਰਥੀਆਂ ਲਈ ਮੁਫ਼ਤ ਖੇਡਾਂ, ਸਰੀਰਕ ਗਤੀਵਿਧੀ ਅਤੇ ਰਚਨਾਤਮਕ ਕਲਾ ਦੇ ਮੌਕੇ ਪ੍ਰਦਾਨ ਕਰਨਾ
- ਬੀ.ਸੀ. ਵਿੱਚ ਟੂਰਿਜ਼ਮ ਲਈ ਰਣਨੀਤਕ ਫਰੇਮਵਰਕ ਦੁਆਰਾ ਬੀ.ਸੀ. ਨੂੰ ਹਰੇਕ ਲਈ ਇੱਕ ਸਮਾਵੇਸ਼ੀ ਅਤੇ ਸੁਆਗਤ ਕਰਨ ਵਾਲੀ ਮੰਜ਼ਿਲ ਵਜੋਂ ਵਧਾਵਾ ਦੇਣਾ
- ਸੈਰ ਸਪਾਟਾ ਉਦਯੋਗ ਵਿੱਚ ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਅਪੰਗਤਾਵਾਂ ਵਾਲੇ ਵਿਅਕਤੀਆਂ ਦੀ ਭਰਤੀ ਨੂੰ ਉਤਸ਼ਾਹਿਤ ਕਰਨਾ

# ਅੰਤਿਕਾ 2: ਲਾਗੂ ਕਰਨ ਦੀ ਟਾਈਮਲਾਈਨ

**[Insert Link to table where the format allows if appropriate. Otherwise remove this appendix.]**
[https://www2.gov.bc.ca/assets/gov/government/about-the-bc-government/accessible-bc/accessibility-legislation-gantt.pdf](https://www2.gov.bc.ca/assets/gov/government/about-the-bc-government/accessible-bc/accessibility-legislation-gantt.pdf)